# ਸਾਵੇ ਅਕਸ

(ਗ਼ਜ਼ਲ ਸੰਗ੍ਰਹਿ)

ਰਾਜਿੰਦਰਜੀਤ

PEOPLE'S FORUM
BARGARI, PUNJAB
NGO ESTD. 2000
ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

Saave Aks.indd 1 18/07/2017 18:26:17

ਸਾਵੇ ਅਕਸ
(ਗ਼ਜ਼ਲ ਸੰਗ੍ਰਹਿ
ਸ਼ਾਇਰ: ਰਾਜਿੰਦਰਜੀਤ

SAAVE AKS
Ghazal Collection
Poet: Rajinderjeet

66, Delves Crescent, Walsall WS5 4LT (UK)
+447877728263, rajinderjeet@gmail.com,
hello@rajinderjeet.com

ਸ਼ਬਦ ਜੜਤ: ਮੰਗਤ ਰਾਏ ਭਾਰਦਵਾਜ
Typesetting: Mangat Rai Bhardwaj

ਕਵਰ ਪੇਂਟਿੰਗ: ਕੰਵਲ ਧਾਲੀਵਾਲ (Life Goes On, Oil On Canvas, 36 x 48 inches, 2012 by Kanwal Dhaliwal)

ਪਹਿਲੀ ਵਾਰ: 2008
© ਲੇਖਕ

First Edition: 2008
© Poet

ਮੁੱਲ: 80/- ( ਅੱਸੀ ਰੁਪਏ )

PEOPLE'S FORUM
BARGARI, PUNJAB
NGO ESTD. 2000
ਪੀਪਲਜ਼ ਫ਼ੋਰਮ
ਬਰਗਾੜੀ, ਪੰਜਾਬ
www.peoplesforumpunjab.com

ਪ੍ਰਕਾਸ਼ਕ:
ਪੀਪਲਜ਼ ਫੋਰਮ (ਰਜਿ)
ਬਰਗਾੜੀ, ਫ਼ਰੀਦਕੋਟ - 151208

Published by:
People's Forum
Bargari, Faridkot -
151208

(0091)01635-244053, 9872989313, 9876710809
www.peoplesforumpunjab.com
www.peoplesforumpunjab.com

ਪੀਪਲਜ਼ ਫੋਰਮ (ਰਜਿ) ਸਿਹਤ, ਸਿੱਖਿਆ, ਸੱਭਿਆਚਾਰ ਅਤੇ ਵਾਤਾਵਰਣ ਪ੍ਰਤੀ ਸੰਵਾਦ ਰਚਾਉਣ ਲਈ ਪ੍ਰਤੀਬੱਧ ਸਮਾਜ-ਸੇਵੀ ਸੰਸਥਾ ਹੈ। ਇਸ ਵੱਲੋਂ ਪ੍ਰਕਾਸ਼ਿਤ ਪੁਸਤਕਾਂ, ਪੋਸਟਰ, ਕੈਲੰਡਰ ਅਤੇ ਸੀ ਡੀਜ਼ ਨੌਜਵਾਨ ਵਰਗ ਅੰਦਰ ਚੇਤਨਾ ਪੈਦਾ ਕਰਨ ਹਿੱਤ ਹਨ।

Printed and bound at : Aarna Printing Solutions, Patiala

Saave Aks.indd 2 18/07/2017 18:26:34

ਅਸੀਂ ਵੀ ਖ਼ੂਬ ਹਾਂ, ਕਿਧਰੇ ਤਾਂ ਨ੍ਹੇਰੇ ਨੂੰ ਵੀ ਜਰ ਲਈਏ
ਤੇ ਕਿਧਰੇ ਬਿਰਖ ਦੀ ਇਕ ਛਾਂ ’ਤੇ ਹੀ ਇਤਰਾਜ਼ ਕਰ ਲਈਏ

Saave Aks.indd 3 18/07/2017 18:26:34

Saave Aks.indd 4 18/07/2017 18:26:34

ਜਸਮੀਨ ਅਤੇ ਜਸਲੀਨ ਦੇ ਨਾਂ

Saave Aks.indd 5 18/07/2017 18:26:34

Saave Aks.indd 6 18/07/2017 18:26:34

# ਤਰਤੀਬ


| | | |
|---|---|---|
| ਰਾਜਿੰਦਰਜੀਤ ਦੀ ਗ਼ਜ਼ਲ ਕਲਾ | ............... | 11 |
| ਦੋ ਸ਼ਬਦ ਆਪਣੇ ਵਲੋਂ | ............... | 15 |
| ਆਦਿਕਾ | ............... | 17 |
| ਖ਼ੁਦੀ ਨੂੰ ਆਸਰਾ | ............... | 18 |
| ਕੁਥਾਏਂ ਵਰ੍ਹਨ ਦਾ | ............... | 19 |
| ਇਨ੍ਹਾਂ ਪੈੜਾਂ ਦਾ ਰੇਤਾ | ............... | 21 |
| ਹਜ਼ਾਰ ਲੋਚਿਆ ਜੋ | ............... | 22 |
| ਤੁਰਨ ਦਾ ਹੌਸਲਾ | ............... | 23 |
| ਮਸਾਣਾਂ ਜਾਂ ਮੜ੍ਹੀਆਂ ਤੇ | ............... | 24 |
| ਕੋਰੇ ਵਰਕੇ | ............... | 25 |
| ਕੁਝ ਦਿਨ ਤੋਂ | ............... | 27 |
| ਨਵੀਂ ਸਵੇਰ | ............... | 27 |
| ਕਿਣਮਿਣੀ | ............... | 28 |
| ਅਜੇ ਦਰਪੇਸ਼ ਡਰ ਹੈ | ............... | 29 |
| ਅਜਨਮੇ ਕਈ ਗੀਤ | ............... | 30 |
| ਸਾਰੇ ਸਾਬਤ ਸਰੂਪ | ............... | 31 |
| ਅਜੇ ਤਾਂ ਜਾ ਰਿਹੈ | ............... | 35 |
| ਅਸਾਂ ਕੀ ਦੋਸ਼ ਦੇਣਾ | ............... | 36 |
| ਮੈਂ ਐਸੇ ਰਾਹ ਤਲਾਸ਼ੇ ਨੇ | ............... | 37 |
| ਕਿੰਨੇ ਹਤਾਸ਼ ਹੋਣਗੇ | ............... | 38 |
| ਖ਼ਾਲੀ ਵਰਕੇ | ............... | 39 |
| ਖ਼ੌਰੇ ਪਾਂਧੀ ਕਿੰਨਾ ਚਿਰ | ............... | 40 |




Saave Aks.indd 7 18/07/2017 18:26:34

ਲਿਆ ਜ਼ਰਾ ਕਾਗਜ਼ ............... 41
ਬਕਾਇਆ ............... 42
ਇਹ ਲੋਕ ਵਕਤ ਦਾ ............... 43
ਅਜੇ ਪੈਰੀਂ ਸਫ਼ਰ ............... 44
ਸਭ ਬਿਰਖ ਬੰਦਿਆਂ ਨੂੰ ............... 46
ਜ਼ਿੰਦਗੀ ਜੇ ਰਾਹ ਸੁਖਾਲ਼ੇ ............... 48
ਨ੍ਹੇਰ ਦੇ ਸੁੰਨੇ ਪਲਾਂ ਵਿਚ ............... 49
ਤਿੜਕਦੇ ਖ਼ਾਬਾਂ ਦੇ ਸੰਗ ............... 50
ਸਭ ਮਹਿਲ ਉਮੀਦਾਂ ਦੇ ............... 51
ਖ਼ਾਬਾਂ ਦੇ ਵਿੱਚ ............... 52
ਦੁਪਹਿਰੇ ਕਿਸ ਨੇ ............... 53
ਜਿਵੇਂ ਖੜ੍ਹਾ ਕਿਤੇ ............... 54
ਹਰ ਕਦਮ ਤੁਰਦੇ ਰਹੇ ............... 55
ਮੇਰੇ ਬੋਲ ਦੇ ਵਿਚ ਅਰਜ਼ ਸੀ ............... 56
ਰੋਹੀਆਂ 'ਚ ਰੁਲ਼ਦਿਆਂ ਨੂੰ ............... 57
ਕਿਸੇ ਅਹਿਸਾਸ ਦਾ ਬੁੱਲਾ ............... 58
ਤੇਰੇ ਸ਼ੀਸ਼ੇ ਨੂੰ ............... 59
ਹਰਿੱਕ ਮੈਲ਼ੀ ਨਜ਼ਰ ਦੇ ਨਾਲ਼ ............... 60
ਤੇਰੇ ਖ਼ਿਆਲ ਦਾ ਜੁਗਨੂੰ ............... 61
ਇਰਾਦਾ ਵੇਖ ਕੇ ............... 62
ਲੰਘੀਆਂ ਨੇ ਫਿਰ ਬਹਾਰਾਂ ............... 63
ਘਟਾਵਾਂ 'ਚ ਪੱਥਰ ............... 64



Saave Aks.indd 8 18/07/2017 18:26:34

| | | |
|---|---|---|
| ਪਰਵਾਜ਼ ਪਰਾਂ ਨੂੰ | ............... | 65 |
| ਕਿਵੇਂ ਕਲੀਆਂ ਨੂੰ | ............... | 65 |
| ਬੇਗਾਨੇ ਰਸਤਿਆਂ ਦੇ | ............... | 67 |
| ਮੁਸਕੁਰਾਹਟ ਪਹਿਨ ਲਈਏ | ............... | 68 |
| ਮੇਰਾ ਮਨ | ............... | 69 |
| ਮੈਂ ਉਸਨੂੰ ਜਾਂ ਉਹ ਮੈਨੂੰ | ............... | 70 |
| ਤੇਜ਼ ਧੁੱਪ ਵਿਚ | ............... | 71 |
| ਸ਼ਾਂਤ ਹੁਣ ਪੈਰਾਂ ਦੀ | ............... | 73 |
| ਸਫ਼ਰ ਦੇ ਅੱਧ ਤਕ | ............... | 74 |
| ਹਰੇਕ ਪਲ ਨੂੰ | ............... | 75 |
| ਮੈਂ ਦੁਆਵਾਂ 'ਚ | ............... | 77 |
| ਚੱਲਣਾ ਪਏਗਾ ਸ਼ਾਮ ਤਕ | ............... | 78 |
| ਮੇਰੇ ਹਿੱਸੇ 'ਚ ਥੋੜਾ ਪਾਣੀ ਹੈ | ............... | 79 |
| ਏਸ ਨਗਰ ਦੇ ਲੋਕ | ............... | 80 |
| ਤੇਰੇ ਪਿਆਸਿਆਂ ਦੀ | ............... | 81 |
| ਅੰਤਿਕਾ | ............... | 82 |




Saave Aks.indd 9 18/07/2017 18:26:34

Saave Aks.indd 10 18/07/2017 18:26:34

# ਰਾਜਿੰਦਰਜੀਤ ਦੀ ਗ਼ਜ਼ਲ ਕਲਾ : ਸੰਖੇਪ ਪਰਿਚੈ

ਹੋਰ ਬੋਲੀਆਂ ਤੋਂ "ਇੰਪੋਰਟ" ਕੀਤੀਆਂ ਕਾਵਿ ਵਿਧਾਵਾਂ – ਤੁਕਾਂਤਕ ਗ਼ਜ਼ਲ ਅਤੇ ਰੁਬਾਈ, ਅਤੇ ਅਤੁਕਾਂਤਕ "ਖੁੱਲ੍ਹੀ ਕਵਿਤਾ" ਅਤੇ ਹਾਇਕੂ – ਦੀ ਵਰਤੋਂ ਬਹੁਤ ਘੱਟ ਪੰਜਾਬੀ ਕਵੀ ਵਧੀਆ ਅਤੇ ਕਲਾਤਮਕ ਢੰਗ ਨਾਲ ਕਰ ਸਕੇ ਹਨ। ਇਹਦਾ ਮੁੱਖ ਕਾਰਣ ਬੇਸਮਝੀ ਅਤੇ ਕਲਾਤਮਕ ਪ੍ਰਤਿਭਾ ਦੀ ਘਾਟ ਹੀ ਸਮਝਣਾ ਚਾਹੀਦਾ ਹੈ। ਦਰਸ਼ਨ ਸਿੰਘ ਆਵਾਰਾ ਤੋਂ ਬਾਅਦ ਚੰਗੀਆਂ ਰੁਬਾਈਆਂ ਬਹੁਤ ਘੱਟ ਲਿਖੀਆਂ ਗਈਆਂ ਹਨ। "ਖੁੱਲ੍ਹੀ ਕਵਿਤਾ" ਅਤੇ "ਹਾਇਕੂ" ਦੇ ਨਾਂ 'ਤੇ ਅਕਸਰ ਵਾਰਤਕ ਦੀਆਂ ਲਾਈਨਾਂ ਦੇ ਟੁਕੜੇ ਕੱਟ ਕੇ ਪੇਸ਼ ਕੀਤੇ ਜਾਂਦੇ ਹਨ, ਅਤੇ ਅਖਾਉਤੀ "ਉਸਤਾਦ ਗ਼ਜ਼ਲਗੋਆਂ" ਨੇ "ਫ਼ਾਊਲੁਨ, ਫ਼ਲਾਊਨ" ਵਗ਼ੈਰਾ ਦੇ ਵਿਆਕਰਣਕ ਅਰੂਜ਼ ਵਿਚ ਗ਼ਜ਼ਲ ਨੂੰ "ਫ਼ਾਹੇ ਲਾਊਂ" ਦਾ ਕੰਮ ਬਖ਼ੂਬੀ ਕੀਤਾ ਹੈ, ਅਤੇ ਗ਼ਜ਼ਲ ਦੇ ਨਾਂ ਤੇ ਬੇਜਾਨ ਤੁਕਬੰਦੀ ਨਾ ਸਿਰਫ਼ ਪੇਸ਼ ਹੀ ਕੀਤੀ ਹੈ, ਸਗੋਂ ਉਹਦੀ ਭਰਪੂਰ ਵਕਾਲਤ ਵੀ ਕੀਤੀ ਹੈ। ਜਾਪਾਨੀ ਹਾਇਕੂ ਦੀ ਭਾਸ਼ਾਈ ਕਲਾਤਮਕਤਾ ਅਤੇ ਲੈਅ ਤਾਲ ਨੂੰ ਸਮਝੇ ਬਿਨਾਂ ਪੰਜਾਬੀ ਵਿਚ ਲਿਖੇ ਹਾਸੋਹੀਣੇ "ਹਾਈਕੂਆਂ" ਬਾਰੇ ਕੁਝ ਨਾ ਕਹਿਣਾ ਹੀ ਬਿਹਤਰ ਹੈ।

ਇਹ ਲੋਕ ਸਮਝਦੇ ਹੀ ਨਹੀਂ ਕਿ ਕਵਿਤਾ ਦੀ ਜਾਨ ਤਾਲ ਅਤੇ ਲੈਅ ਹੁੰਦੀ ਹੈ। ਹਰ ਬੋਲੀ ਦੀ ਆਪਣੀ ਕੁਦਰਤੀ ਤਾਲ ਜਾਂ ਲੈਅ ਹੁੰਦੀ ਹੈ, ਜਿਹਨੂੰ ਮਾਂਜ ਸੁਆਰ ਕੇ ਕਵਿਤਾ ਵਿਚ ਪੇਸ਼ ਕੀਤਾ ਜਾਣਾ ਚਾਹੀਦਾ, ਭਾਵੇਂ ਉਹ ਤੁਕਾਂਤਕ ਕਵਿਤਾ ਹੋਵੇ ਜਾਂ ਅਤੁਕਾਂਤਕ। ਪ੍ਰਾਚੀਨ ਸੰਸਕ੍ਰਿਤ ਪਿੰਗਲ ਵਿਚ ਛੰਦਾਂ ਦੀ ਤਾਲ ਅਤੇ ਲੈਅ ਨੂੰ ਨਿਯਮਬੱਧ ਕੀਤਾ ਗਿਆ ਹੈ, ਪਰ ਸਭ ਛੰਦ ਅਤੁਕਾਂਤਕ ਹਨ। ਅਤੁਕਾਂਤਕ ਕਵਿਤਾ ਸ਼ੇਕਸਪੀਅਰ ਦੇ ਨਾਟਕਾਂ ਦੀ ਜਾਨ ਹੈ। ਅਤੁਕਾਂਤਕ ਕਵਿਤਾ ਦੇ ਇਕ ਹੋਰ ਮਾਹਿਰ ਅੰਗਰੇਜ਼ੀ ਕਵੀ ਜਾਹਨ ਮਿਲਟਨ ਨੇ ਤੁਕਾਂਤਕ ਕਵਿਤਾ ਨੂੰ "ਅਸੱਭਯ ਯੁਗ ਦੀ ਕਾਢ" ਕਿਹਾ ਹੈ। ਟੀ ਐਸ ਐਲੀਅਟ ਦੀਆਂ ਕੁਝ ਅਤੁਕਾਂਤਕ "ਖੁੱਲ੍ਹੀਆਂ" ਕਵਿਤਾਵਾਂ ਉਹਨਾਂ ਦੀ ਆਪਣੀ ਆਵਾਜ਼ ਵਿਚ ਰਿਕਾਰਡ ਹੋਈਆਂ ਮਿਲਦੀਆਂ ਹਨ ਜਿਹਨਾਂ ਨੂੰ ਸੁਣਨਾ ਵਿਸਮਾਦੀ ਕਿਸਮ ਦਾ ਅਨੁਭਵ ਹੈ। ਪੂਰਨ ਸਿੰਘ ਅਤੇ ਦੀਵਾਨ ਸਿੰਘ ਕਾਲੇਪਾਣੀ ਦੀਆਂ ਖੁੱਲ੍ਹੀਆਂ ਕਵਿਤਾਵਾਂ ਵਿਚ ਲੋਹੜੇ ਦੀ ਰਵਾਨੀ ਹੈ। ਸੰਸਕ੍ਰਿਤ ਪਿੰਗਲ ਵਾਂਗ ਗ਼ਜ਼ਲ ਦਾ ਫ਼ਾਰਸੀ ਅਰੂਜ਼ ਗ਼ਜ਼ਲ ਦੀਆਂ ਵੱਖ ਵੱਖ ਬਹਿਰਾਂ ਨੂੰ ਨਿਯਮਬੱਧ ਕਰਨ ਦਾ ਯਤਨ ਹੈ। ਪਰ ਇਹ ਨਿਯਮ ਪੱਥਰ ਤੇ ਉਕਰੀਆਂ ਲਕੀਰਾਂ ਨਹੀਂ ਹੁੰਦੇ, ਜਿਹਨਾਂ ਨੂੰ ਤਬਦੀਲ ਕੀਤਾ ਹੀ ਨਾ ਜਾ ਸਕੇ। ਕੋਈ ਵੀ ਨਿਯਮ ਜਦ ਕਵੀ ਦੀ ਕ੍ਰਿਆਤਮਕਤਾ ਦੇ ਰਾਹ ਦਾ ਰੋੜਾ ਬਣ ਜਾਣ ਤਾਂ ਉਹਨਾਂ ਦਾ ਤਿਆਗ



Saave Aks.indd 11 18/07/2017 18:26:34

ਕਰਕੇ ਨਵੀਆਂ ਪਿਰਤਾਂ ਸਿਰਜਣਾ ਸਿਰਫ਼ ਜਾਇਜ਼ ਹੀ ਨਹੀਂ ਸਗੋਂ ਜ਼ਰੂਰੀ ਹੋ ਜਾਂਦਾ ਹੈ।

ਪਿੰਗਲ ਅਤੇ ਅਰੂਜ਼ ਦੇ ਨਿਯਮ ਬਣਾਉਣ ਵਾਲਿਆਂ ਨੇ ਇਹਨਾਂ ਨਿਯਮਾਂ ਰਾਹੀਂ ਇਹ ਦੱਸਣ ਦਾ ਯਤਨ ਕੀਤਾ ਕਿ ਉਸ ਵੇਲੇ ਦੇ ਕਵੀ ਕੀ **ਕਰਦੇ ਸਨ**, ਇਹ ਨਹੀਂ ਕਿ ਉਹਨਾਂ ਨੂੰ ਕੀ ਕਰਨਾ **ਚਾਹੀਦਾ ਸੀ**। ਅਨੇਕਾਂ ਛੰਦਾਂ/ਬਹਿਰਾਂ ਬਣਾਉਣ ਵਾਲਿਆਂ ਨੇ ਸ਼ੁਰੂ ਵਿਚ ਇਹ ਛੰਦ/ਬਹਿਰਾਂ ਆਪਣੀ ਕ੍ਰਿਆਤਮਕ ਪ੍ਰਤਿਭਾ ਰਾਹੀਂ ਬਣਾਏ ਸਨ, ਅਤੇ ਪਿੰਗਲ ਜਾਂ ਅਰੂਜ਼ ਦੇ ਨਿਯਮ ਲਿਖਣ ਦੇ ਮੋਢੀਆਂ ਨੇ ਉਹਨਾਂ ਕਵੀਆਂ ਦੀ ਕਲਾ ਦਾ **ਵਰਨਣ** ਹੀ ਕੀਤਾ ਸੀ। ਪਰ ਬਾਅਦ ਵਿਚ ਕ੍ਰਿਆਤਮਕਤਾ ਦੇ ਦੁਸ਼ਮਣ ਕੁਝ "ਆਚਾਰਯ" ਜਾਂ "ਉਸਤਾਦ" ਲੋਕਾਂ ਨੇ ਹੋਰ ਕ੍ਰਿਆਤਮਕਤਾ ਪ੍ਰਫੁਲਿਤ ਹੋਣੋਂ ਰੋਕਣ ਲਈ ਇਹਨਾਂ ਨਿਯਮਾਂ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਜਦ ਪ੍ਰਾਚੀਨ ਕਵੀ ਨਵੇਂ ਛੰਦ ਜਾਂ ਬਹਿਰਾਂ ਰਚ ਸਕਦੇ ਸਨ, ਤਾਂ ਹੁਣ ਦੇ ਕਵੀਆਂ ਤੋਂ ਇਹ ਹੱਕ ਕਿਉਂ ਖੋਹਿਆ ਜਾਏ? ਇਕ ਬਰਤਾਨਵੀ "ਉਸਤਾਦ ਗ਼ਜ਼ਲਗੋ" ਦਾ ਫ਼ਰਮਾਨ ਹੈ – "ਜਿਹੜੀ ਗ਼ਜ਼ਲ ਕਿਸੇ ਰਵਾਇਤੀ ਬਹਿਰ ਵਿਚ ਨਹੀਂ, ਮੈਂ ਉਹਨੂੰ ਗ਼ਜ਼ਲ ਹੀ ਨਹੀਂ ਮੰਨਦਾ"। ਸੁਣਿਆ ਹੈ ਕਿ ਜਰਮਨ ਭਾਸ਼ਾ ਵਿਚ ਵੀ ਗ਼ਜ਼ਲਾਂ ਲਿਖੀਆਂ ਗਈਆਂ ਹਨ, ਜੋ ਮੈਂ ਨਹੀਂ ਪੜ੍ਹ ਸਕਿਆ, ਪਰ ਅੰਗਰੇਜ਼ੀ ਵਿਚ ਬਹੁਤ ਵਧੀਆ ਗ਼ਜ਼ਲਾਂ ਇੰਟਰਨੈੱਟ ਤੇ ਮਿਲਦੀਆਂ ਹਨ; ਕੁਝ ਤੁਕਾਂਤਕ ਹਨ ਪਰ ਜ਼ਿਆਦਾਤਰ ਅਤੁਕਾਂਤਕ ਹਨ। ਸਭ ਗ਼ਜ਼ਲਾਂ ਵਿਚ ਦੋ ਦੋ ਲਾਈਨਾਂ ਦੇ ਸ਼ਿਅਰ ਹਨ, ਜਿਹਨਾਂ ਵਿਚ ਕਲਪਨਾ ਦੀ ਉਡਾਰੀ, ਅਤੇ ਅੰਗਰੇਜ਼ੀ ਭਾਸ਼ਾ ਦੀ ਕਲਾਤਮਕ ਵਰਤੋਂ ਅਤੇ ਭਾਸ਼ਾ ਦੀ ਰਵਾਨੀ ਕਮਾਲ ਦੀ ਹੈ। ਜ਼ਾਹਿਰ ਹੈ ਕਿ ਫ਼ਾਰਸੀ ਵਾਲੇ ਅਰੂਜ਼ ਦੇ ਨਿਯਮਾਂ ਦਾ ਪਾਲਣ ਇਹਨਾਂ ਗ਼ਜ਼ਲਾਂ ਵਿਚ ਨਹੀਂ ਹੋ ਸਕਦਾ ਸੀ। ਅਰੂਜ਼ ਜਾਂ ਪਿੰਗਲ ਕਿਸੇ ਭਾਸ਼ਾ ਦੇ ਕੁਦਰਤੀ ਜਾਂ ਸੁਭਾਵਿਕ ਤਾਲ ਲੈਅ ਦਾ ਹੀ ਮਾਂਜਿਆ ਸੁਆਰਿਆ ਰੂਪ ਹੁੰਦਾ ਹੈ, ਪਰ ਅੰਗਰੇਜ਼ੀ ਅਤੇ ਜਰਮਨ ਦੀ ਸੁਭਾਵਿਕ ਲੈਅ ਤਾਲ ਇੰਨੀ ਵੱਖਰੀ ਕਿਸਮ ਦੀ ਹੈ ਕਿ ਇਸ ਵਿਚ ਫ਼ਾਉਲੁਨ, ਫ਼ਲਾਉਨ, ਮੁਫ਼ਾਇਲਾਤੁਨ ਵਗ਼ੈਰਾ ਲੱਭਣਾ ਬਹੁਤ ਹੀ ਹਾਸੋਹੀਣੀ ਹਰਕਤ ਹੋਏਗਾ। ਇਹ "ਉਸਤਾਦ" ਜੀ ਇਹਨਾਂ ਰਚਨਾਵਾਂ ਨੂੰ ਭਾਵੇਂ ਗ਼ਜ਼ਲਾਂ ਨਾ ਮੰਨਣ, ਪਰ "ਉਸਤਾਦ" ਜੀ ਦੀ ਖ਼ਾਲੀ ਤੁਕਬੰਦੀ ਨਾਲੋਂ ਇਹ ਗ਼ਜ਼ਲਾਂ ਹਜ਼ਾਰ ਗੁਣਾ ਬਿਹਤਰ ਹਨ। ਕੁਝ "ਉਸਤਾਦ ਗ਼ਜ਼ਲਗੋਆਂ" ਦੀਆਂ ਗ਼ਜ਼ਲਾਂ ਦੀ ਤੁਲਨਾ ਸਾੜ੍ਹੀਆਂ ਦੀਆਂ ਦੁਕਾਨਾਂ ਦੀਆਂ ਖਿੜਕੀਆਂ ਵਿਚ ਸਜਾਈਆਂ ਔਰਤਾਂ ਦੀਆਂ ਚੂਨੇ ਦੀ ਮੂਰਤੀਆਂ ਨਾਲ ਕੀਤੀ ਜਾ ਸਕਦੀ ਹੈ ਜਿਹਨਾਂ ਦੇ ਨੈਣ ਨਕਸ਼, ਗੋਲਾਈਆਂ ਅਤੇ ਉਭਾਰ "ਪਰਫ਼ੈਕਟ" ਹੁੰਦੇ ਹਨ, ਪਰ ਜਿਹਨਾਂ ਵਿਚ ਜਾਨ ਨਹੀਂ ਹੁੰਦੀ। ਸੰਨ 1961-62 ਵਿਚ (ਜਦ ਮੈਂ ਕਾਲਿਜ ਵਿਚ ਪੜ੍ਹਦਾ ਸਾਂ) "ਉਸਤਾਦ" ਗ਼ਜ਼ਲਗੋ ਸਾਧੂ ਸਿੰਘ ਹਮਦਰਦ ਦੇ ਦੋ ਲੇਖ ਮੈਂ ਪੜ੍ਹੇ ਜਿਹਨਾਂ ਵਿਚ ਹਮਦਰਦ ਜੀ ਨੇ ਪ੍ਰੋਫ਼ੈਸਰ ਮੋਹਨ ਸਿੰਘ ਦੀਆਂ ਦੋ ਗ਼ਜ਼ਲਾਂ ਦੀ ਬੁਰੀ ਤਰ੍ਹਾਂ ਚੀਰਫਾੜ ਕੀਤੀ। ਸਭ



Saave Aks.indd 12 18/07/2017 18:26:35

ਜਾਣਦੇ ਹਨ ਕਿ ਕਵੀ ਦੇ ਤੌਰ ਤੇ ਮੋਹਨ ਸਿੰਘ ਦੇ ਮੁਕਾਬਲੇ ਤੇ ਹਮਦਰਦ ਕਿੱਥੇ ਖੜ੍ਹਦੇ ਹਨ।

ਫ਼ਾਰਸੀ ਅਤੇ ਸੰਸਕ੍ਰਿਤ ਅਤੇ ਸੰਸਕ੍ਰਿਤ ਤੋਂ ਜਨਮੀਆਂ ਭਾਸ਼ਾਵਾਂ ਹਿੰਦੀ-ਉਰਦੂ ਅਤੇ ਪੰਜਾਬੀ ਦਾ ਕੁਦਰਤੀ ਜਾਂ ਸੁਭਾਵਿਕ ਤਾਲ ਲੈਅ ਕਾਫ਼ੀ ਮਿਲਦੇ ਜੁਲਦੇ ਹਨ। ਸੰਸਕ੍ਰਿਤ ਦੇ ਪਿੰਗਲ ਅਤੇ ਫ਼ਾਰਸੀ ਦੇ ਅਰੂਜ਼ ਦਾ ਆਧਾਰ ਹਲਕੇ (ਲਘੂ) ਅਤੇ ਭਾਰੇ (ਗੁਰੂ) ਸਿਲੇਬਲ ਹਨ। ਇਹਨਾਂ ਦੀ ਨਿਯਮ-ਬੱਧ ਵਰਤੋਂ ਦਾ ਜ਼ਿਕਰ ਪਿੰਗਲ ਅਤੇ ਅਰੂਜ਼ ਵਿਚ ਹੈ। ਪਰ ਕਿਉਂਕਿ ਹਰ ਭਾਸ਼ਾ ਦਾ ਕੁਦਰਤੀ ਤਾਲ ਲੈਅ ਬੋਲਣ ਵਾਲੇ ਦੇ ਅੰਦਰ ਪਹਿਲਾਂ ਹੀ ਮੌਜੂਦ ਹੁੰਦਾ ਹੈ, ਉਹਨੂੰ ਮਾਂਜ ਸੁਆਰ ਕੇ ਕਵਿਤਾ ਵਿਚ ਪੇਸ਼ ਕਰਨ ਲਈ **ਚੇਤਨ ਰੂਪ ਵਿਚ** ਪਿੰਗਲ ਜਾਂ ਅਰੂਜ਼ ਦੇ ਨਿਯਮਾਂ ਅਨੁਸਾਰ ਚੱਲਣ ਦੀ ਲੋੜ ਨਹੀਂ ਹੁੰਦੀ। ਸਗੋਂ ਅਜਿਹਾ ਕਰਨ ਨਾਲ ਕਵੀ ਦੀ ਕ੍ਰਿਆਤਮਕਤਾ ਤੇ ਬੁਰਾ ਅਸਰ ਪੈਂਦਾ ਹੈ।

ਭਾਸ਼ਾ ਵਿਗਿਆਨੀ ਦੇ ਤੌਰ ਤੇ ਮੈਂ ਸਮਝਦਾ ਹਾਂ ਕਿ ਪਿਛਲੇ ਪੰਜ ਕੁ ਸੌ ਸਾਲਾਂ ਤੋਂ ਪੰਜਾਬੀ ਬੋਲੀ ਦੀ ਕੁਦਰਤੀ ਤਾਲ ਲੈਅ ਵਿਚ ਤਬਦੀਆਂ ਆ ਰਹੀਆਂ ਹਨ ਅਤੇ ਲਘੂ ਗੁਰੂ ਵਾਲੇ ਨਿਯਮ ਲਾਗੂ ਹੋਣੇ ਬੰਦ ਹੋ ਰਹੇ ਹਨ। ਇਹਦੇ ਬਾਰੇ ਕੁਝ ਸਾਲ ਪਹਿਲਾਂ ਮੈਂ ਇਕ ਲੇਖ 'ਹੁਣ' ਪਰਚੇ ਵਿਚ ਛਪਵਾਇਆ ਵੀ ਸੀ। ਪਰ ਪੰਜਾਬੀ ਦੀ ਕੁਦਰਤੀ ਲੈਅ ਤਾਲ ਹਾਲੇ ਇੰਨੀ ਨਹੀਂ ਬਦਲੀ ਕਿ ਰਵਾਇਤੀ ਅਰੂਜ਼ ਦੀ ਅੰਨ੍ਹੀ ਨਕਲ ਕਰ ਕੇ ਪੰਜਾਬੀ ਵਿਚ ਗ਼ਜ਼ਲ ਦੇ ਨਾਂ ਤੇ ਤੁਕਬੰਦੀ ਨਾ ਕੀਤੀ ਜਾ ਸਕੇ। ਅਰੂਜ਼ ਬਾਰੇ ਮੈਂ ਕੁਝ ਵੀ ਨਹੀਂ ਜਾਣਦਾ, ਜਾਨਣ ਦੀ ਲੋੜ ਵੀ ਕਦੇ ਨਹੀਂ ਸਮਝੀ। ਜੇ ਕਿਸੇ ਗ਼ਜ਼ਲ ਨੂੰ ਬੋਲ ਕੇ ਪੜ੍ਹਦਿਆਂ ਉਸ ਵਿਚ ਲੈਅ ਅਤੇ ਰਵਾਨੀ ਦੀ ਘਾਟ ਨਾ ਦਿਸੇ, ਕਾਫ਼ੀਆ ਰਦੀਫ਼ ਸਹੀ ਹੋਵੇ, ਭਾਸ਼ਾ ਦੀ ਸੁਚੱਜੀ ਵਰਤੋਂ ਰਾਹੀਂ ਵਿਚਾਰ ਅਤੇ ਭਾਵ ਕਲਾਤਮਕ ਢੰਗ ਨਾਲ ਪੇਸ਼ ਕੀਤੇ ਹੋਣ, ਤਾਂ ਗ਼ਜ਼ਲ ਵਧੀਆ ਹੈ।

ਮੈਂ ਰਾਜਿੰਦਰਜੀਤ ਦੀਆਂ ਗ਼ਜ਼ਲਾਂ ਬੜੇ ਗਹੁ ਨਾਲ ਪੜ੍ਹੀਆਂ ਹਨ ਅਤੇ ਇਹਨਾਂ ਦੀ ਸੁੰਦਰਤਾ ਮਾਣੀ ਹੈ। ਪਰ ਮੈਂ ਉਹਨੂੰ ਕਦੇ ਨਹੀਂ ਪੁੱਛਿਆ ਕਿ ਕੀ ਉਹਨੇ ਰਵਾਇਤੀ ਅਰੂਜ਼ ਨੂੰ ਸਮਝ ਕੇ ਜਾਣ ਬੁੱਝ ਕੁ ਕਦੇ ਉਹਨਾਂ ਬਹਿਰਾਂ ਵਿਚ ਆਪਣੀਆਂ ਗ਼ਜ਼ਲਾਂ ਨੂੰ ਫ਼ਿਟ ਕੀਤਾ ਹੈ। ਇਹਨਾਂ ਦੀ ਕਲਾਤਮਕਤਾ, ਵਹਾਉ ਅਤੇ ਰਵਾਨੀ ਤੋਂ ਹੀ ਪਤਾ ਲਗਦਾ ਹੈ ਕਿ ਉਹਨੇ ਇਹ ਕੰਮ ਨਹੀਂ ਕੀਤਾ। ਭਾਸ਼ਾ ਦੇ ਅਰੁਕ ਵਹਾਉ ਅਤੇ ਰਵਾਨੀ ਦੇ ਨਾਲ਼ ਨਾਲ਼ ਕਾਫ਼ੀਏ ਰਦੀਫ਼ ਦੀ ਸੁਚੱਜੀ ਵਰਤੋਂ ਉਹਦੀ ਗ਼ਜ਼ਲ ਦੇ ਹਰ ਸ਼ਿਅਰ ਵਿਚ ਦੇਖੀ ਅਤੇ ਮਹਿਸੂਸ ਕੀਤੀ ਜਾ ਸਕਦੀ ਹੈ। ਗ਼ਜ਼ਲ ਦੇ ਹਰ ਸ਼ਿਅਰ ਨੂੰ ਸੁਤੰਤਰ ਕਵਿਤਾ ਆਖਿਆ ਜਾਂਦਾ ਹੈ। ਭਾਸ਼ਾ ਦੇ ਅਟੁੱਟ ਵਹਾਉ ਜਾਂ ਰਵਾਨੀ ਦੇ ਨਾਲ਼ ਨਾਲ਼ ਭਾਸ਼ਾ ਦੀ ਕਲਾਤਮਕ ਵਰਤੋਂ ਅਤੇ ਵਿਚਾਰਾਂ ਨਾਲ਼ ਕ੍ਰਿਆਤਮਕ ਖਿਲਵਾੜ, ਨਵੇਂ ਬਿੰਬਾਂ ਅਤੇ ਮੈਟਾਫ਼ਰਾਂ (ਰੂਪਕਾਂ) ਦੀ ਸਿਰਜਣਾ – ਇਹ ਗੁਣ ਵਧੀਆ ਕਵਿਤਾ ਵਿਚ ਹੋਣੇ ਜ਼ਰੂਰੀ ਹਨ, ਭਾਵੇਂ ਉਹ ਕਿਸੇ ਵੀ ਕਿਸਮ ਦੀ ਕਵਿਤਾ ਹੋਵੇ। ਇਹਨਾਂ ਗੁਣਾਂ ਤੋਂ



Saave Aks.indd 13 18/07/2017 18:26:35

ਰਹਿਤ "ਕਵਿਤਾ" ਤਿੰਨ ਚਾਰ ਸਤਰਾਂ ਪੜ੍ਹਨ ਮਗਰੋਂ ਹੀ ਲਾਂਭੇ ਕਰ ਦੇਣ ਦੇ ਯੋਗ ਹੁੰਦੀ ਹੈ। ਜਿਹੜੀ ਸਾਹਿਤਕ ਰਚਨਾ ਘੱਟੋ ਘੱਟ ਦੋ ਵਾਰ ਪੜ੍ਹਨ ਦੇ ਯੋਗ ਨਹੀਂ, ਉਹ ਇਕ ਵਾਰ ਪੜ੍ਹਨ ਦੇ ਯੋਗ ਵੀ ਨਹੀਂ। ਹੋ ਸਕਦਾ ਹੈ ਕਿ ਕੋਈ ਖੜੂਸ "ਉਸਤਾਦ ਗ਼ਜ਼ਲਗੋ" ਰਾਜਿੰਦਰਜੀਤ ਦੀਆਂ ਗ਼ਜ਼ਲਾਂ ਵਿਚ ਅਰੂਜ਼ ਦੀਆਂ ਗ਼ਲਤੀਆਂ ਲੱਭ ਲਏ, ਪਰ ਰਾਜਿੰਦਰਜੀਤ ਨੂੰ ਇਹਦੀ ਚਿੰਤਾ ਕੀਤੇ ਬਿਨਾਂ ਆਪਣਾ ਕ੍ਰਿਆਤਮਕ ਕੰਮ ਚਾਲੂ ਰੱਖਣਾ ਚਾਹੀਦਾ ਹੈ।

ਰਾਜਿੰਦਰਜੀਤ ਦੇ ਇਸ ਗ਼ਜ਼ਲ ਸੰਗ੍ਰਹਿ ਬਾਰੇ ਸੰਖੇਪ ਪਰਿਚੈ ਲਿਖਣਾ ਮੇਰੇ ਲਈ ਬਹੁਤ ਹੀ ਖ਼ੁਸ਼ੀ ਦੀ ਗੱਲ ਹੈ, ਪਰ ਸੁਹਣੇ ਸੁਹਣੇ ਸ਼ਬਦਾਂ ਨੂੰ ਜਾਦੂਗਰਾਂ ਵਾਂਗ ਉਛਾਲ਼ ਉਛਾਲ਼ ਕੇ "ਸਾਹਿਤਕ ਆਲੋਚਨਾ" ਨਾਂ ਦਾ ਕਸੀਦਾ ਲਿਖਣਾ ਜਾਂ ਰਾਜਿੰਦਰਜੀਤ ਦੇ ਵਧੀਆ ਸ਼ਿਆਰਾਂ ਦੀ ਲੰਮੀ ਲਿਸਟ ਤਿਆਰ ਕਰਨਾ ਮੇਰਾ ਕੰਮ ਨਹੀਂ। ਵਧੀਆ ਸ਼ਿਅਰਾਂ ਨੂੰ ਪਛਾਣ ਕੇ ਉਹਨਾਂ ਦਾ ਆਨੰਦ ਮਾਨਣ ਦਾ ਕੰਮ ਮੈਂ ਸੂਝਵਾਨ ਪਾਠਕਾਂ ਤੇ ਛੱਡਦਾ ਹਾਂ। ਹਰ ਪਾਠਕ ਦੀ ਆਪਣੀ ਪਸੰਦ ਹੁੰਦੀ ਹੈ, ਜਿਹਦਾ ਸਤਿਕਾਰ ਕਰਨਾ ਚਾਹੀਦਾ ਹੈ – ਕਿ ਪਾਠਕ ਨੂੰ ਸੰਗੀਤਮਈ ਭਾਸ਼ਾ ਦੀ ਰਵਾਨੀ ਅਤੇ ਭਾਵਾਂ ਅਤੇ ਵਿਚਾਰਾਂ ਦੀ ਕ੍ਰਿਆਤਮਕ ਅਭਿਵਿਅਕਤੀ ਵਧੇਰੇ ਪਸੰਦ ਹੈ, ਜਾਂ ਦਾਸ ਬਿਰਤੀ ਨਾਲ ਅਰੂਜ਼ ਦਾ ਪਾਲਣ। (ਮੈਨੂੰ ਜਾਪਦਾ ਹੈ ਕਿ ਅਨੇਕ ਥਾਂਵਾਂ ਤੇ ਰਾਜਿੰਦਰਜੀਤ ਨੇ ਛੰਦਾਬੰਦੀ ਦੇ ਨਵੇਂ ਤਜਰਬੇ ਵੀ ਕੀਤੇ ਹਨ – ਸਥਾਪਤ ਪਰੰਪਰਾਵਾਂ ਨੂੰ ਕ੍ਰਿਆਤਮਕ ਢੰਗ ਨਾਲ਼ ਤੋੜਨ ਦਾ ਆਪਣਾ ਹੀ ਮਜ਼ਾ ਹੁੰਦਾ ਹੈ!)। ਕਿਤਾਬ ਵਿਚ ਨਿੱਕੀਆਂ ਅਤੇ ਲੰਮੀਆਂ ਹਰ ਕਿਸਮ ਦੀਆਂ ਬਹਿਰਾਂ ਵਾਲੀਆਂ ਗ਼ਜ਼ਲਾਂ ਸ਼ਾਮਿਲ ਹਨ। ਤਿੰਨ ਜਾਂ ਚਾਰ ਛੋਟੇ ਸ਼ਿਅਰਾਂ ਦੀਆਂ ਗ਼ਜ਼ਲਾਂ ਤੋਂ ਲੈ ਕੇ ਲੰਮੀ ਬਹਿਰ ਦੇ ਅਠਾਰਾਂ ਸ਼ਿਅਰਾਂ ਤਕ ਦੀਆਂ ਗ਼ਜ਼ਲਾਂ ਹਨ। ਹਰ ਗ਼ਜ਼ਲ ਵਿਚ ਭਾਸ਼ਾ ਦੀ ਕ੍ਰਿਆਤਮਕ ਵਰਤੋਂ ਰਾਹੀਂ ਵਿਚਾਰਾਂ ਅਤੇ ਭਾਵਾਂ ਨੂੰ ਅਨੂਠੇ ਢੰਗ (ਨਾਜ਼ੁਕ ਕਲਪਨਾ ਅਤੇ "ਅੰਦਾਜ਼ਿ ਬਯਾਂ") ਅਤੇ ਭਾਸ਼ਾਈ ਰਵਾਨੀ ਨਾਲ ਪ੍ਰਗਟਾਇਆ ਗਿਆ ਹੈ। ਅਨੇਕਾਂ ਸ਼ਿਅਰ ਇਕ ਵਾਰ ਪੜ੍ਹਨ ਮਗਰੋਂ ਮੇਰੇ ਲਈ ਅਭੁੱਲ ਬਣ ਗਏ ਹਨ, ਮਿਸਾਲ ਵਜੋਂ -

ਚਿੰਗਾਰੀ ਮਿਲ ਹੀ ਜਾਣੀ ਸੀ ਯਕੀਨਨ ਅਣਬੁਝੀ ਕੋਈ
ਸਮਾਂ ਮੈਨੂੰ ਹੀ ਮਿਲ ਸਕਿਆ ਨਾ ਅਪਣੀ ਰਾਖ ਫੋਲਣ ਦਾ

ਨਦੀ ਉੱਛਲੇ ਬਹੁਤ, ਮੈਂ ਖ਼ੁਸ਼ ਵੀ ਹੁੰਦਾ ਹਾਂ ਤੇ ਡਰਦਾ ਹਾਂ
ਬੁਝਾ ਜਾਵੇ ਨ ਮੈਨੂੰ ਹੀ ਉਹ ਮੇਰੀ ਪਿਆਸ ਤੋਂ ਪਹਿਲਾਂ

ਮਾਰੂਥਲ ਵਿਚ ਧੁੱਪਾਂ ਨੇ ਜਦ ਅਪਣਾ ਜ਼ੋਰ ਵਿਖਾਇਆ
ਵੇਖੀਂ ਭੱਜ-ਭੱਜ ਬੈਠਣਗੇ ਉਹ ਇਕ-ਦੂਜੇ ਦੀ ਛਾਵੇਂ

ਮੰਗਤ ਰਾਏ ਭਾਰਦ੍ਵਾਜ
ਕੈਨਕ, ਯੂ ਕੇ
bhardwajmangat@googlemail.com



Saave Aks.indd 14 18/07/2017 18:26:35

# ਦੋ ਸ਼ਬਦ ਆਪਣੇ ਵੱਲੋਂ

ਸ਼ਾਇਰੀ ਨਿਰੀ ਕਲਪਨਾ ਨਹੀਂ, ਸਗੋਂ ਦਿਸਦੇ ਨੂੰ ਉਲੰਘ ਜਾਣ ਵਾਲ਼ੀ ਇੱਕ ਵਿਸ਼ੇਸ਼ ਦ੍ਰਿਸ਼ਟੀ ਹੁੰਦੀ ਹੈ। ਇਹ ਜ਼ਿੰਦਗੀ ਦਾ ਸੁਹਜ ਹੈ । ਹਰ ਕਲਾਕਾਰ ਜਾਂ ਕਵੀ ਜ਼ਿੰਦਗੀ ਵਿਚਲੇ ਸੁਹਜ ਨੂੰ ਨਿਖਾਰਦਾ ਹੈ ਤੇ ਇਸਨੂੰ ਮਾਨਣਯੋਗ ਬਣਾਉਂਦਾ ਹੈ। ਆਪਣੇ ਆਲ਼ੇ-ਦੁਆਲ਼ੇ 'ਚੋਂ ਸੁਹਜ ਤਲਾਸ਼ਣਾ ਉਸ ਨੂੰ ਚੰਗਾ ਲਗਦਾ ਹੈ। ਸਾਹਿਤ ਸੁਹਜ ਦੀ ਪਛਾਣ ਕਰਦਾ ਹੈ, ਸੁਹਜ ਬੰਦੇ ਨੂੰ ਬੰਦਾ ਬਣਨ ਦੇ ਰਾਹ ਤੋਰਦਾ ਹੈ।

ਸਿਆਣਿਆਂ ਦੇ ਮੂੰਹੋਂ ਸੁਣਿਆ ਹੈ ਕਿ ਇੱਕ ਕਵੀ ਭਾਵੇਂ ਕਿਸੇ ਵੀ ਰੂਪਾਕਾਰ ਵਿੱਚ ਸ਼ਾਇਰੀ ਕਰੇ, ਪਹਿਲਾਂ ਉਸਦਾ ਸ਼ਾਇਰ ਹੋਣਾ ਜ਼ਰੂਰੀ ਹੈ। ਉਸਨੂੰ ਸ਼ਾਇਰੀ ਦਾ ਮਿਸਤਰੀਪੁਣਾ ਤਾਂ ਸਿਖਾਇਆ ਜਾ ਸਕਦਾ ਹੈ, ਪਰ ਉਸ ਅੰਦਰ ਕਵਿਤਾ ਨਹੀਂ ਭਰੀ ਜਾ ਸਕਦੀ। ਇਹ ਕਵਿਤਾ ਉਸਨੂੰ ਕੁਦਰਤ ਵੱਲੋਂ ਮਿਲੀ ਹੋਈ ਦਾਤ ਹੁੰਦੀ ਹੈ। ਨਿਰੇ ਜੋੜ-ਤੋੜ ਦੀ ਸ਼ਾਇਰੀ ਵੀ ਲੋਕਾਂ ਦੇ ਚੇਤਿਆਂ 'ਚ ਚਿਰ-ਸਦੀਵ ਨਹੀਂ ਰਹਿ ਸਕਦੀ। ਭਾਵਾਂ ਦਾ ਵੇਗ ਤੇ ਬਬੇਕ ਪੂਰਨ ਸੰਤੁਲਨ, ਉਹਨਾਂ ਦੀ ਤਰਕ-ਸ਼ੀਲ ਪੇਸ਼ਕਾਰੀ ਤੇ ਸੰਜਮ ਕਵਿਤਾ ਨੂੰ ਮਾਨਣਯੋਗ ਬਣਾਉਂਦੇ ਹਨ। ਮੁਨਾਫ਼ੇ ਨੂੰ ਪ੍ਰਣਾਏ ਏਸ ਯੁੱਗ 'ਚ ਸੁਹਜਮਈ ਮੁੱਲਾਂ ਤੇ ਸਾਹਿਤ ਦੀ ਸਿਰਜਣਾ ਕਰਨਾ ਆਪਣੇ ਆਪ ਵਿੱਚ ਇੱਕ ਵੱਡਾ ਕਾਰਜ ਹੈ। ਆਲ਼ੇ-ਦੁਆਲ਼ੇ ਵੇਖੀਏ ਤਾਂ ਸਹਿ-ਜੇ ਪਤਾ ਲਗਦਾ ਹੈ ਕਿ ਸ਼ਬਦ-ਸਿਰਜਣਾ ਦਾ ਵੱਡੇ ਪੱਧਰ 'ਤੇ ਵਪਾਰੀਕਰਨ ਹੋ ਰਿਹਾ ਹੈ। ਵਪਾਰੀ ਬਸ ਓਸੇ ਵਸਤ ਨੂੰ ਹੱਥ ਪਾਉਣਗੇ ਜੋ ਉਹਨਾਂ ਨੂੰ ਮੁਨਾਫ਼ਾ ਦੇ ਸਕੇ। ਚਲੰਤ ਕਿਸਮ ਦਾ ਸਾਹਿਤ ਤੇ ਗੀਤ-ਸੰਗੀਤ ਏਸੇ ਕਰਕੇ ਵਪਾਰੀਆਂ ਨੂੰ ਖਿੱਚਦਾ ਹੈ। ਪਰ ਸੁਹਜ ਮੁੱਲਾਂ ਨਾਲ਼ ਭਰਿਆ ਉਸਾਰੂ ਸਾਹਿਤ ਚਿਰੰਜੀਵ ਹੁੰਦਾ ਹੈ।

ਕਵਿਤਾ ਸਮਾਜ ਦਾ ਸ਼ੀਸ਼ਾ ਹੈ ਤੇ ਕਵੀ ਵੀ ਇਹਦੇ 'ਚੋਂ ਆਪਣੇ-ਆਪ ਦੀ ਸ਼ਨਾਖ਼ਤ ਕਰਦਾ ਹੈ। ਬਹੁਤਾ ਕਰਕੇ ਪਾਠਕ ਵੀ ਕਵਿਤਾ 'ਚੋਂ ਕਵੀ ਦੇ ਨਕਸ਼ ਪਛਾਣਦਾ ਹੈ। ਤਾਂ ਹੀ ਸਿਆਣੇ ਕਹਿੰਦੇ ਹਨ ਕਿ ਜੇ ਕਵਿਤਾ ਸਾਊ ਹੈ ਤੇ ਇਸ 'ਚੋਂ ਕਵੀ ਦੇ ਨਕਸ਼ ਦਿਸਦੇ ਹਨ, ਤਾਂ ਕਵੀ ਦੀ ਆਪਣੀ ਸ਼ਖ਼ਸੀਅਤ ਵੀ ਰਾਹ-ਦਰਸਾਊ ਹੋਣੀ ਚਾਹੀਦੀ ਹੈ। ਕਵਿਤਾ ਜੋ ਜ਼ਿੰਮੇਵਾਰੀਆਂ ਆਪਣੇ ਸਿਰ ਓਟਦੀ ਹੈ, ਉਹ ਕਵੀ ਸਿਰ ਵੀ ਹੁੰਦੀਆਂ ਹਨ। ਕਵਿਤਾ ਤੇ ਕਵੀ ਦੀ ਸ਼ਖ਼ਸੀਅਤ ਵਿਚਲਾ ਪਾੜਾ ਆਮ ਲੋਕਾਂ ਤੇ ਪਾਠਕਾਂ ਨੂੰ ਕਲਾ ਤੋਂ ਦੂਰ ਲਿਜਾਂਦਾ ਹੈ। ਸਾਹਿਤ ਨੇ ਸਭ ਦਾ ਹਿੱਤ ਵੇਖਣਾ ਹੁੰਦਾ ਹੈ ਜਿਸ ਕਰਕੇ ਇਸਨੂੰ ਕੰਢਿਆਂ 'ਚ ਨਹੀਂ ਬੰਨ੍ਹਿਆ ਜਾ ਸਕਦਾ। ਇਸਨੇ ਬੇਰੋਕ ਚਾਰੇ ਪਾਸਿਆਂ ਨੂੰ ਵਗਣਾ ਹੁੰਦਾ ਹੈ । ਰੰਗ, ਨਸਲ, ਧਰਮ, ਫਿਰਕੇ ਵਗ਼ੈਰਾ ਦਾ ਫਰਕ ਇਸਨੂੰ ਪਤਾ ਹੀ ਨਹੀਂ, ਪਰ ਏਥੇ ਕਵੀ ਦੀ ਸ਼ਖ਼ਸੀਅਤ ਤੇ ਨੀਅਤ ਕੰਮ ਕਰਦੀ ਹੈ ਕਿ ਉਸਦੀ ਆਪਣੇ-ਆਪ ਅਤੇ ਲੋਕਾਈ ਨਾਲ਼ ਕਿੰਨੀ ਕੁ ਨੇੜਤਾ ਹੈ। ਉਹ ਜੋ ਲਿਖ ਰਿਹਾ ਹੈ, ਉਸਦਾ ਮਕਸਦ ਉਸਾਰੂ ਹੈ ਜਾਂ ਢਾਹੂ?



Saave Aks.indd 15 18/07/2017 18:26:35

'ਸਾਵੇ ਅਕਸ' ਪਹਿਲੀ ਵਾਰ 2008 'ਚ ਛਪੀ ਸੀ। ਮੈਨੂੰ ਲਗਦਾ ਰਿਹਾ ਹੈ ਕਿ ਬਹੁਤ ਸਾਰੇ ਪਾਠਕ ਮਿੱਤਰ ਇਸ ਨੂੰ ਪੜ੍ਹ ਨਹੀਂ ਸਕੇ ਹੋਣਗੇ। ਰੁਝੇਵਿਆਂ ਕਾਰਨ ਲੰਮਾ ਸਮਾ ਲੰਘ ਗਿਆ ਤੇ ਦੋਸਤਾਂ-ਮਿੱਤਰਾਂ ਦੇ ਵਾਰ-ਵਾਰ ਚੇਤੇ ਕਰਵਾਉਣ ਦੇ ਬਾਵਜੂਦ ਵੀ ਇਸਨੂੰ ਦੁਬਾਰਾ ਛਪਵਾਉਣ ਦਾ ਕਾਰਜ ਸਿਰੇ ਨਾ ਲੱਗ ਸਕਿਆ। ਇਸ ਵਿਚਲੀਆਂ ਗ਼ਜ਼ਲਾਂ ਇੰਟਰਨੈਟ 'ਤੇ ਹੋਣ ਕਰਕੇ ਪਾਠਕਾਂ ਦੀ ਪ੍ਰਸ਼ੰਸ਼ਾ ਸਮੇ ਸਿਰ ਮੇਰੇ ਤੱਕ ਪਹੁੰਚਦੀ ਰਹੀ ਹੈ। ਇੱਕ ਪਹਿਲ-ਪਲੇਠੀ ਕਿਤਾਬ ਨੂੰ ਮਿਲਿਆ ਏਨਾ ਪਿਆਰ ਮੇਰੇ ਲਈ ਭਰ ਵਗਦੇ ਦਰਿਆ ਵਾਂਗ ਸੀ। ਹੁਣ ਇਸ 'ਤੇ ਦੁਬਾਰਾ ਕੰਮ ਸ਼ੁਰੂ ਕਰਕੇ ਮੈਨੂੰ ਅਥਾਹ ਪ੍ਰਸੰਨਤਾ ਹੋ ਰਹੀ ਹੈ। ਉਹਨਾਂ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਦਾ ਧੰਨਵਾਦ ਕੁਥਾਂ ਨਹੀਂ ਹੋਵੇਗਾ ਜਿਨ੍ਹਾਂ ਨੇ ਮੈਨੂੰ ਮੇਰਾ ਫ਼ਰਜ਼ ਚੇਤੇ ਕਰਵਾਈ ਰੱਖਿਆ। ਕਵਿਤਾ ਦੇ ਵਿਸ਼ੇ ਦਾ ਆਧਾਰ ਕਵੀ ਦੀ ਵਿਚਾਰਧਾਰਾ ਅਤੇ ਉਸਦੇ ਦਿਸਦੇ-ਅਣਦਿਸਦੇ ਮੈਨੀਫੈਸਟੋ ਦੇ ਉੱਤੇ ਟਿਕਦਾ ਹੈ। ਏਸੇ ਕਰਕੇ ਸਮਾਜ 'ਚ ਵਾਪਰਦੀਆਂ ਸੁਖਦ ਤੇ ਤਲਖ਼ ਘਟਨਾਵਾਂ ਕਵੀ ਦੇ ਮਨ 'ਤੇ ਅਸਰ ਕਰਨ ਦੇ ਨਾਲ਼-ਨਾਲ਼ ਕਵਿਤਾ ਦਾ ਵਿਸ਼ਾ ਵੀ ਬਣਦੀਆਂ ਹਨ। ਮਨੋਵਿਗਿਆਨੀਆਂ ਅਨੁਸਾਰ ਇਨਸਾਨ ਦਾ ਆਲ਼ਾ-ਦੁਆਲ਼ਾ ਤੇ ਉਸ ਦੀ ਸੋਚ ਉਸਦੇ ਵਿਅਕਤਿਤਵ ਨੂੰ ਬਣਾਉਂਦੇ ਹਨ। ਇੱਕ ਕਵੀ ਦਾ ਆਪਾ ਅਤੇ ਉਸਦਾ ਅਨੁਭਵ ਰਲ਼-ਮਿਲ਼ ਕੇ ਉਸਦੀ ਕਵਿਤਾ ਨੂੰ ਸਿਰਜਦੇ ਹਨ, ਇਸ ਕਰਕੇ ਆਲ਼ੇ-ਦੁਆਲ਼ੇ ਸਭ ਅੱਛਾ ਨਾ ਦੇਖ ਕੇ ਕਵਿਤਾ ਦਾ ਅਸਹਿਜ ਹੋ ਜਾਣਾ ਕੁਦਰਤੀ ਹੈ। ਕਵਿਤਾ ਵਿਦਰੋਹੀ ਵੀ ਬਣਦੀ ਹੈ, ਬੇਵੱਸ ਵੀ ਦਿਖਦੀ ਹੈ ਪਰ ਆਸ ਦਾ ਪੱਲਾ ਕਦੇ ਨਹੀਂ ਛੱਡਦੀ। ਆਸ ਕਰਦਾ ਹਾਂ ਕਿ ਤੁਹਾਡੇ ਹੱਥ ਵਿਚਲੀਆਂ ਰਚਨਾਵਾਂ ਇਹਨਾਂ ਸਾਰੇ ਭਾਵਾਂ ਰਾਹੀਂ ਹੁੰਦੀਆਂ ਹੋਈਆਂ ਤੁਹਾਡੇ ਮਨ ਤੀਕਰ ਪਹੁੰਚਣਗੀਆਂ।

-ਰਾਜਿੰਦਰਜੀਤ
ਵਾਲਸਾਲ, ਯੂ ਕੇ
rajinderjeet@gmail.com



Saave Aks.indd 16 18/07/2017 18:26:35

## ਆਦਿਕਾ

ਸਹਿਜ ਹੋ ਜਾਓ-ਸੁਣੋ, ਏਨਾ ਨਾ ਘਬਰਾਓ ਤੁਸੀਂ
ਆਪਣੀ ਸੰਜੀਦਗੀ ਨੂੰ ਸਾਣ 'ਤੇ ਲਾਓ ਤੁਸੀਂ
ਮੇਰਿਓ ਸ਼ਬਦੋ! ਤੁਹਾਡਾ ਮੰਨਿਆ ਵਕਤਾ ਹਾਂ ਮੈਂ
ਮੈਥੋਂ ਪਰ ਸਾਰੇ ਸਿਆਣੇ, ਬੋਲਣੋਂ ਝਕਦਾ ਹਾਂ ਮੈਂ।

ਕੀ ਕਹਾਂ ਪਰਵਾਨਿਆਂ ਨੂੰ -ਪੀੜ ਦੀ ਪੈਂਤੀ ਪੜ੍ਹੋ !?
ਕੀ ਕਹਾਂ ਫੁੱਲਾਂ ਨੂੰ -ਜਾ ਕੇ ਮਹਿਕ ਦੀ ਮੰਡੀ ਵੜੋ !?
ਕੀ ਕਹਾਂ ਮੈਂ ਦਾਨਿਆਂ ਨੂੰ -ਅਰਸ਼ 'ਤੇ ਤਾਰੇ ਜੜੋ !?
ਕੀ ਕਹਾਂ ਬਾਜ਼ਾਂ ਨੂੰ- ਜਾ ਕੇ ਪੌਣ ਦੇ ਮੋਢੇ ਚੜ੍ਹੋ !?
ਕੀ ਕਹਾਂ ਰੁੱਖਾਂ ਨੂੰ- ਛਾਂਵਾਂ ਦੇਣ ਲਈ ਧੁੱਪੇ ਖੜ੍ਹੋ !?
ਕੀ ਕਹਾਂ ਦੀਵਾਨਿਆਂ ਨੂੰ -ਇਸ਼ਕ ਦਾ ਕਲਮਾ ਪੜ੍ਹੋ !?

ਕੀ ਕਹਾਂ ਰਾਹੀਆਂ ਨੂੰ - ਮੰਜ਼ਿਲ ਦਾ ਸਹੀ ਰਸਤਾ ਫੜੋ !?
ਜੀਹਦੇ ਜੋ ਜ਼ਿੰਮੇ ਹੈ ਆਪੇ ਹੀ ਕਰੇਗਾ ਓਸਨੂੰ
ਚੀਜ਼ ਜੋ ਜਿੱਥੋਂ ਦੀ ਹੈ, ਓਥੇ ਧਰੇਗਾ ਓਸਨੂੰ।
ਆਪ ਹੀ ਵੇਖੇਗਾ, ਜਿੱਥੇ ਜੋ ਵੀ ਜੀਹਦਾ ਫ਼ਰਜ਼ ਹੈ
ਤਾਰ ਕੇ ਛੁੱਟੇਗਾ, ਕਿੱਥੇ ਕੀ ਕਿਸੇ 'ਤੇ ਕਰਜ਼ ਹੈ।

ਫੇਰ ਵੀ ਬੇਚੈਨ ਹੋ ਜੇ, ਗੱਲ ਤਾਂ ਕੁਝ ਹੈ ਜ਼ਰੂਰ
ਜੇ ਕਿਤੇ ਬਦਰੰਗ ਹੈ ਕੁਝ, ਓਸ ਵਿਚ ਸਭ ਦਾ ਕਸੂਰ।

ਇਸ ਤਰ੍ਹਾਂ ਜੇ ਹੈ ਤਾਂ, ਜੋ ਬਣਦਾ ਹੈ ਉਹ ਕਹਿਣਾ ਤੁਸੀਂ
ਮੇਰਿਓ ਸ਼ਬਦੋ ! ਕਦੇ ਵੀ ਸਹਿਜ ਨਾ ਰਹਿਣਾ ਤੁਸੀਂ।



Saave Aks.indd 17 18/07/2017 18:26:35

❍

ਖ਼ੁਦੀ ਨੂੰ ਆਸਰਾ ਦਿੱਤਾ ਬੇਗਾਨੀ ਆਸ ਤੋਂ ਪਹਿਲਾਂ
ਮੈਂ ਅੱਥਰੂ ਪੂੰਝ ਚੁੱਕਾ ਸੀ ਤੇਰੇ ਧਰਵਾਸ ਤੋਂ ਪਹਿਲਾਂ

ਨਦੀ ਉੱਛਲੇ ਬਹੁਤ, ਮੈਂ ਖੁਸ਼ ਵੀ ਹੁੰਦਾ ਹਾਂ ਤੇ ਡਰਦਾ ਹਾਂ
ਬੁਝਾ ਜਾਵੇ ਨਾ ਮੈਨੂੰ ਹੀ ਉਹ ਮੇਰੀ ਪਿਆਸ ਤੋਂ ਪਹਿਲਾਂ

ਤੂੰ ਹੁਣ ਭੇਜੇਂ ਜਾਂ ਅਗਲੇ ਪਲ, ਤੇਰੀ ਹਉਮੈ ਦੀ ਹੈ ਮਰਜ਼ੀ
ਮੈਂ ਕੱਲ ਜੰਗਲ ਦਾ ਜਾਣੂੰ ਹੋ ਗਿਆਂ ਬਣਵਾਸ ਤੋਂ ਪਹਿਲਾਂ

ਹਰਿਕ ਟੁਕੜੇ 'ਚ ਸੀ ਕੋਈ ਕਸ਼ਿਸ਼, ਕੋਈ ਤੜਪ ਐਸੀ
ਮੈਂ ਜੁੜ ਚੁੱਕਿਆ ਸੀ ਖੰਡਿਤ ਹੋਣ ਦੇ ਅਹਿਸਾਸ ਤੋਂ ਪਹਿਲਾਂ

ਉਦ੍ਹੇ ਸੁਪਨੇ 'ਚ ਸੈਆਂ ਪਿੰਜਰੇ ਦਿਸਦੇ ਰਹੇ ਰਾਤੀਂ
ਪਰਿੰਦਾ ਪਰ ਲੁਹਾ ਆਇਆ ਕਿਸੇ ਪਰਵਾਸ ਤੋਂ ਪਹਿਲਾਂ

ਤੇਰਾ ਜਾਣਾ ਜਿਵੇਂ ਦੁਨੀਆਂ ਦਾ ਸਭ ਤੋਂ ਦਰਦ ਹੈ ਭਾਰਾ
ਕੁਝ ਐਸਾ ਜਾਪਦਾ ਸੀ ਰੋਣ ਦੇ ਅਭਿਆਸ ਤੋਂ ਪਹਿਲਾਂ

ਬੜਾ ਕੁਝ ਵਕ਼ਤ ਨੇ ਲਿਖਿਆ ਮੇਰੇ ਤਨ 'ਤੇ ਮੇਰੀ ਰੂਹ 'ਤੇ
ਤੁਸੀਂ ਮੈਨੂੰ ਹੀ ਪੜ੍ਹ ਲੈਣਾ ਮੇਰੇ ਇਤਿਹਾਸ ਤੋਂ ਪਹਿਲਾਂ



Saave Aks.indd 18 18/07/2017 18:26:35

❍

ਕੁਥਾਏਂ ਵਰ੍ਹਨ ਦਾ ਅਹਿਸਾਸ ਵੀ ਹੈ
ਥਲਾਂ ਦੀ ਤੇਹ ਨੂੰ ਵੀ ਇਹ ਸਮਝਦੇ ਨੇ
ਭਿਉਂ ਕੇ ਤੁਰ ਗਏ ਧਰਤੀ ਦਾ ਮੋਢਾ
ਇਹ ਬੱਦਲ ਜੋ ਹੁਣੇ ਰੋ ਕੇ ਹਟੇ ਨੇ

ਖ਼ਿਆਲਾਂ ਤੇਰਿਆਂ ਤੱਕ ਆਣ ਪਹੁੰਚਾ
ਮੇਰੇ ਅਹਿਸਾਸ ਇਕਦਮ ਜੀ ਪਏ ਨੇ
ਜਿਵੇਂ ਜਲ ’ਤੇ ਕੋਈ ਲਿਸ਼ਕੋਰ ਪੈਂਦੀ
ਹਵਾ ਆਈ ਤੋਂ ਪੱਤੇ ਧੜਕਦੇ ਨੇ



Saave Aks.indd 19 18/07/2017 18:26:35

ਮੈਂ ਵਰ੍ਹਿਆਂ ਤੋਂ ਜੋ ਏਥੇ ਹੀ ਖੜ੍ਹਾ ਸਾਂ
ਤੇ ਲੰਬੀ ਰਾਤ ਵਿਚ ਕੁਝ ਭਾਲ਼ਦਾ ਸਾਂ
ਮੇਰੇ ਸੰਤੋਖ ਦੀ ਭਰਦੇ ਗਵਾਹੀ
ਜੋ ਪਰਲੇ ਪਾਰ ਕੁਝ ਦੀਵੇ ਜਗੇ ਨੇ

ਇਨ੍ਹਾਂ ਨੂੰ ਤਾਣਿਆ ਲੋਕਾਂ ਨੇ ਪਹਿਲਾਂ
ਘਰਾਂ ਵਿਚ, ਕਮਰਿਆਂ ਵਿਚ, ਫਿਰ ਮਨਾਂ ਵਿਚ
ਤੇ ਹੁਣ ਉਹ ਖ਼ੁਦ ਨੂੰ ਵੀ ਵੇਖਣ ਤੋਂ ਡਰਦੇ
ਇਹ ਪਰਦੇ ਸ਼ੀਸ਼ਿਆਂ ਅੱਗੇ ਤਣੇ ਨੇ

ਮੈਂ ਅਪਣੇ ਆਪ ਵਿਚ ਇੱਕ ਬੀਜ ਹੀ ਸਾਂ
ਉਹਨਾਂ ਨੇ ਮੇਰੇ ਅੰਦਰ ਬਿਰਖ ਤੱਕਿਆ
ਮੈਂ ਉੱਠਾਂ, ਕੁਝ ਕਰਾਂ ਉਗਮਣ ਦਾ ਚਾਰਾ
ਉਹ ਸਾਰੇ ਮੇਰੇ ਵੱਲ ਹੀ ਵੇਖਦੇ ਨੇ

ਕਹਾਣੀ ਇਹ ਨਹੀਂ – ਪਿਆਸੇ ਨੇ ਸਾਰੇ
ਖੜ੍ਹੇ ਜੋ ਵੇਖਦੇ ਮਾਸੂਮ ਬੂਟੇ
ਸਿਤਮ ਇਹ ਹੈ ਕਿ ਹਰਿਆਲੀ ਦੀ ਰੁੱਤੇ
ਇਹ ਆਪੋ-ਆਪਣੇ ਫੁੱਲ ਚੁਗ ਰਹੇ ਨੇ



Saave Aks.indd 20 18/07/2017 18:26:35

❍

ਇਨ੍ਹਾਂ ਪੈੜਾਂ ਦਾ ਰੇਤਾ ਚੁੱਕ ਕੇ ਝੋਲ਼ੀ ’ਚ ਭਰ ਲਈਏ
ਚਲੋ ਏਸੇ ਬਹਾਨੇ ਵਿੱਸਰਿਆਂ ਨੂੰ ਯਾਦ ਕਰ ਲਈਏ

ਉਹ ਅਪਣੀ ਕਹਿਕਸ਼ਾਂ ’ਚੋਂ ਨਿੱਕਲ ਕੇ ਅੱਜ ਬਾਹਰ ਆਇਆ ਹੈ
ਚਲੋ ਉਸ ਭਟਕਦੇ ਤਾਰੇ ਦੀ ਚੱਲ ਕੇ ਕੁਝ ਖ਼ਬਰ ਲਈਏ

ਉਲੀਕੇ ਖੰਭ ਕਾਗਜ਼ ’ਤੇ, ਦੁਆਲ਼ੇ ਹਾਸ਼ੀਆ ਲਾਵੇ
ਕਿਵੇਂ ਵਾਪਸ ਨਿਆਣੀ ਤੋਂ ਉਦ੍ਹੇ ਅੰਦਰਲੇ ਡਰ ਲਈਏ

ਜਿਵੇਂ ਇਕ ਪੌਣ ’ਚੋਂ ਖ਼ੁਸ਼ਬੂ, ਜਿਵੇਂ ਇੱਕ ਨੀਂਦ ’ਚੋਂ ਸੁਪਨਾ
ਚਲੋ ਅੱਜ ਦੋਸਤੋ ਇਕ ਦੂਸਰੇ ’ਚੋਂ ਇਓਂ ਗੁਜ਼ਰ ਲਈਏ

ਅਸੀਂ ਵੀ ਖ਼ੂਬ ਹਾਂ, ਕਿੱਧਰੇ ਤਾਂ ਨ੍ਹੇਰੇ ਨੂੰ ਵੀ ਜਰ ਲਈਏ
ਤੇ ਕਿਧਰੇ ਬਿਰਖ ਦੀ ਇਕ ਛਾਂ ’ਤੇ ਹੀ ਇਤਰਾਜ਼ ਕਰ ਲਈਏ



Saave Aks.indd 21 18/07/2017 18:26:35

○

ਹਜ਼ਾਰ ਲੋਚਿਆ ਜੋ ਉਹ ਨਹੀਂ ਮੈਂ ਕਰ ਸਕਿਆ
ਹਮੇਸ਼ਾ ਸਾਹਮਣੇ ਹੈ ਆਈ ਬੇਵਸੀ ਮੇਰੀ
ਉਲ੍ਹਾਂਭਾ ਤਪਦੇ ਥਲਾਂ ਦਾ ਹੈ ਮੈਨੂੰ ਸਿਰ ਮੱਥੇ
ਜੋ ਵਰ੍ਹਿਆ ਸਾਗਰਾਂ 'ਤੇ, ਕੀ ਪ੍ਰਾਪਤੀ ਮੇਰੀ

ਹਵਾ ਨੇ ਮੈਨੂੰ ਕਦੇ ਵੀ ਨਾ ਸਮਝਿਆ ਗੁਲਸ਼ਨ
ਕਲੀ-ਕਲੀ ਮੇਰੀ ਨੇ ਝੱਲਿਆ ਬੇਗਾਨਾਪਣ
ਬਦਲਦੇ ਮੌਸਮਾਂ ਤੋਂ ਮੈਨੂੰ ਕੁਝ ਵੀ ਆਸ ਨਹੀਂ
ਹੋਏਗੀ ਖ਼ੁਦ ਬਹਾਰ ਬਣ ਕੇ ਵਾਪਸੀ ਮੇਰੀ

ਮੈਂ ਵਕ਼ਤ ਹਾਂ, ਮੇਰਾ ਗਿਲਾ ਕਰੋਗੇ ਕਿਸ ਕੋਲ਼ੇ
ਮੇਰੇ ਸਿਤਮ ਦੀ ਸ਼ਿਕਾਇਤ ਕਰੋਗੇ ਕਿਸ ਕੋਲ਼ੇ
ਹਰੇਕ ਪਲ, ਹਰੇਕ ਦਿਨ, ਹਰਿਕ ਮਹੀਨਾ ਵੀ
ਹਰੇਕ ਸਾਲ ਮੇਰਾ ਤੇ ਹਰਿਕ ਸਦੀ ਮੇਰੀ

ਹਰੇਕ ਵਾਰ ਹੀ ਮੈਂ ਭੇਖ ਬਦਲ ਆਉਂਦਾ ਹਾਂ
ਹਰੇਕ ਵਾਰ ਹੀ ਮੈਂ ਹੁਕਮਰਾਂ ਕਹਾਉਂਦਾ ਹਾਂ
ਹਯਾ, ਜਾਂ ਫ਼ਰਜ਼ ਜਾਂ ਈਮਾਨ ਦੇ ਕਿਸੇ ਪਰਦੇ
ਹਮੇਸ਼ਾ ਛੁਪ ਕੇ ਰਹੀ ਹੈ ਦਰਿੰਦਗੀ ਮੇਰੀ

ਕਦੇ ਵੀ ਨਾਲ਼ ਮੇਰੇ ਇਸ ਤਰ੍ਹਾਂ ਨਾ ਹੋਈ ਸੀ
ਕਿਸੇ ਵੀ ਮੋੜ 'ਤੇ ਮੈਥੋਂ ਪਰ੍ਹਾਂ ਨਾ ਹੋਈ ਸੀ
ਮੇਰੇ ਖ਼ਾਬੀਦਾ ਪਲਾਂ ਨੂੰ ਤਿਲਾਂਜਲੀ ਦੇ ਕੇ
ਕਿਸੇ ਪਰਾਏ ਘਰ ਹੈ ਨੀਂਦ ਸੌਂ ਰਹੀ ਮੇਰੀ



Saave Aks.indd 22 18/07/2017 18:26:36

○

ਤੁਰਨ ਦਾ ਹੌਸਲਾ ਤਾਂ ਪੱਥਰਾਂ 'ਤੇ ਪੈਰ ਧਰਦਾ ਹੈ
ਬਦਨ ਸ਼ੀਸ਼ੇ ਦਾ ਪਰ ਮੇਰਾ ਅਜੇ ਤਿੜਕਣ ਤੋਂ ਡਰਦਾ ਹੈ

ਕਿਤੇ ਕੁਝ ਧੜਕਦਾ ਹੈ ਜ਼ਿੰਦਗੀ ਦੀ ਤਾਲ 'ਤੇ ਹੁਣ ਵੀ
ਕਿਤੇ ਕੁਝ ਔੜ ਦੇ ਸੀਨੇ ਦੇ ਉੱਤੇ ਸ਼ਾਂਤ ਵਰ੍ਹਦਾ ਹੈ

ਅਜੇ ਤਾਈਂ ਵੀ ਮੇਰੇ ਰਾਮ ਦਾ ਬਣਵਾਸ ਨਾ ਮੁੱਕਿਆ
ਮੇਰੇ ਅੰਦਰਲਾ ਰਾਵਣ ਰੋਜ਼ ਹੀ ਸੜਦਾ ਤੇ ਮਰਦਾ ਹੈ

ਕਿਸੇ ਵੀ ਘਰ ਦੀਆਂ ਨੀਂਹਾਂ 'ਚ ਉਹ ਤਾਹੀਓਂ ਨਹੀਂ ਲਗਦਾ
ਉਹ ਪੱਥਰ ਆਪਣੇ ਹੀ ਸੇਕ ਸੰਗ ਪਿਘਲਣ ਤੋਂ ਡਰਦਾ ਹੈ

ਜਦੋਂ ਵੀ ਤੁਰਦਿਆਂ ਅਕਸਰ ਮੈਂ ਠੋਕਰ ਖਾ ਕੇ ਡਿੱਗਦਾ ਹਾਂ
ਮੇਰਾ ਆਪਾ ਮੇਰੀ ਨੀਅਤ ਦੇ ਸਿਰ ਇਲਜ਼ਾਮ ਧਰਦਾ ਹੈ

ਅਜੇ ਤੱਕ ਵੀ ਇਹਨਾਂ ਦੀ ਹੋਂਦ ਤੇ ਔਕਾਤ ਹੈ ਵੱਖਰੀ
ਅਜੇ ਚਾਨਣ ਤੇ ਨ੍ਹੇਰੇ ਵਿੱਚ ਕੋਈ ਬਾਰੀਕ ਪਰਦਾ ਹੈ



Saave Aks.indd 23 18/07/2017 18:26:36

❍

ਮਸਾਣਾਂ ਜਾਂ ਮੜ੍ਹੀਆਂ 'ਤੇ ਬਾਲ਼ਾਂਗੇ ਦੀਵੇ
ਘਰਾਂ ਦੇ ਕਦੋਂ ਪਰ ਸੰਭਾਲ਼ਾਂਗੇ ਦੀਵੇ

ਹਨੇਰੇ ਦੇ ਜਦ ਵੀ ਤੁਸੀਂ ਬੀਜ ਬੀਜੇ
ਅਸੀਂ ਵੀ ਘਰਾਂ ਵਿੱਚ ਉਗਾ ਲਾਂਗੇ ਦੀਵੇ

ਲਗਾਵਾਂਗੇ ਮੱਥੇ 'ਤੇ ਦੀਵੇ ਦੀ ਮੂਰਤ
ਬੱਸ ਏਦਾਂ ਅਸੀਂ ਵੀ ਕਹਾ ਲਾਂਗੇ ਦੀਵੇ

ਗਤੀ ਜੇ ਹਵਾਵਾਂ ਦੀ ਇਸ ਤੋਂ ਵਧੇਗੀ
ਤਾਂ ਹਿੱਕਾਂ ਦੇ ਅੰਦਰ ਛੁਪਾ ਲਾਂਗੇ ਦੀਵੇ

ਰਹੇ ਜਦ ਨਾ ਹਾਣੀ ਅਸੀਂ ਰੌਸ਼ਨੀ ਦੇ
ਤਾਂ ਆਪੇ ਹੀ ਅਪਣੇ ਬੁਝਾ ਲਾਂਗੇ ਦੀਵੇ



Saave Aks.indd 24 18/07/2017 18:26:36

❍

ਕੋਰੇ ਵਰਕੇ 'ਵਾ ਵਿਚ ਉੱਡਦੇ ਰਹਿ ਜਾਣੇ
ਥਲਾਂ-ਸਮੁੰਦਰਾਂ ਕਿੱਸੇ ਤੇਰੇ ਕਹਿ ਜਾਣੇ

ਪੰਛੀ ਆਲ੍ਹਣਿਆਂ ਵਿਚ ਡਰ ਕੇ ਬਹਿ ਜਾਣੇ
ਪੌਣਾਂ ਨੇ ਜਦ ਬੋਲ ਕੁਰੱਖਤੇ ਕਹਿ ਜਾਣੇ

ਜਿਸ ਦਿਨ ਤੇਰੀ ਨਜ਼ਰ ਸਵੱਲੀ ਹੋਵੇਗੀ
ਮੇਰੇ ਵਿਹੜੇ ਚੰਦ ਸਿਤਾਰੇ ਲਹਿ ਜਾਣੇ

ਵਹਿਣ ਪਏ ਜੋ ਨੀਰ ਕਦੇ ਵੀ ਮੁੜਦੇ ਨਾ
ਕਹਿੰਦੇ-ਕਹਿੰਦੇ ਅਪਣੇ ਵਹਿਣੀਂ ਵਹਿ ਜਾਣੇ

ਮੇਰੀ ਬੈਠਕ ਵਿਚ ਜੰਗਲ ਉੱਗ ਆਵੇਗਾ
ਜਦ ਯਾਦਾਂ ਦੇ ਪੰਛੀ ਆ ਕੇ ਬਹਿ ਜਾਣੇ



Saave Aks.indd 25 18/07/2017 18:26:36

❍

ਕੁਝ ਦਿਨ ਤੋਂ ਸੂਰਜ ਨਾਲ਼ ਕੁਝ ਵਾਪਰ ਰਿਹਾ ਤਾਂ ਜ਼ਰੂਰ ਹੈ
ਖ਼ੌਰੇ ਕਿਸ ਸ਼ਹਿਰ ’ਚੋਂ ਹੈ ਗੁਜ਼ਰਿਆ, ਨਾ ਉਹ ਰੌਸ਼ਨੀ ਨਾ ਉਹ ਨੂਰ ਹੈ

ਜਦ ਲਾਲੀਆਂ ਨੇ ਹੈ ਟਹਿਕਣਾ, ਜਦ ਨੇਰ੍ਹਿਆਂ ਨੇ ਹੈ ਸਹਿਕਣਾ
ਜਦ ਜ਼ਿੰਦਗੀ ਨੇ ਹੈ ਮਹਿਕਣਾ, ਉਹ ਸਵੇਰ ਥੋੜ੍ਹੀ ਕੁ ਦੂਰ ਹੈ

ਇਹ ਜੋ ਚਿਹਰਿਆਂ ਦਾ ਹਜੂਮ ਹੈ, ਇੱਕ ਚਿਹਰੇ ਤੋਂ ਮਹਿਰੂਮ ਹੈ
ਮੇਰਾ ਖ਼ਾਬ ਸ਼ਾਇਦ ਤੂੰ ਨਹੀਂ, ਮੇਰੀ ਸੋਚਣੀ ਦਾ ਫ਼ਤੂਰ ਹੈ

ਤੈਨੂੰ ਸਰਹੱਦਾਂ ਦਾ ਖਿਆਲ ਹੈ, ਸਾਨੂੰ ਇਸ਼ਕ ਧਰਤੀ ਦੇ ਨਾਲ਼ ਹੈ
ਤੈਨੂੰ ਮਾਣ ਜੇ ਤੀਰਾਂ ’ਤੇ ਹੈ, ਸਾਨੂੰ ਸੀਨਿਆਂ ਦਾ ਗ਼ਰੂਰ ਹੈ



Saave Aks.indd 26 18/07/2017 18:26:36

❍

ਨਵੀਂ ਸਵੇਰ ਦੇ ਮੁਖੜੇ ਜਿਹੀ ਕੋਈ ਮੂਰਤ
ਜੋ ਮੇਰੇ ਖ਼ਾਬ 'ਚ ਆਈ, ਬੁਲਾ ਗਈ ਮੈਨੂੰ
ਸਵੇਰ ਤੀਕ ਨਾ ਮੁੜਿਆ ਤਾਂ ਮੈਨੂੰ ਭੁੱਲ ਜਾਇਓ
ਬੱਸ ਏਹੋ ਸਮਝਿਓ, ਸਿਆਹ ਰਾਤ ਖਾ ਗਈ ਮੈਨੂੰ

ਜੇ ਹੋ ਸਕੇ ਤਾਂ ਫਿਰ ਏਨੀ ਉਚੇਚ ਕਰ ਜਾਣਾ
ਕਿ ਅਪਣੀ ਮੜਕ ਨੂੰ ਲੋੜਾਂ ਦੇ ਮੇਚ ਕਰ ਜਾਣਾ
ਉਦਾਸ ਜ਼ਿੰਦਗੀ ਪਿੰਡੇ 'ਤੇ ਚੀਥੜੇ ਪਹਿਨੀ
ਬਿਠਾ ਕੇ ਗੋਦ 'ਚ ਏਨਾ ਸਿਖਾ ਗਈ ਮੈਨੂੰ

ਮੈਂ ਜਿਸਨੇ ਸ਼ੋਖ਼ ਹਵਾ ਦੀ ਨਾ ਆਰਜ਼ੂ ਵੇਖੀ
ਕਦੇ ਵੀ ਧੜਕਣਾਂ ਤੋਂ ਪਾਰ ਦੀ ਨਾ ਜੂਹ ਵੇਖੀ
ਮੈਂ ਜੋ ਜ਼ਮੀਨ 'ਤੇ ਪਾਰੇ ਦੇ ਵਾਂਗ ਤੁਰਦਾ ਸੀ
ਕਿਸੇ ਦੀ ਤੱਕਣੀ ਸ਼ੀਸ਼ਾ ਬਣਾ ਗਈ ਮੈਨੂੰ

ਨਹੀਂ ਮੈਂ ਦੋਸਤੋ ਹੈਰਾਨ ਉਸਦੇ ਕਾਰੇ 'ਤੇ
ਉਹ ਚੜ੍ਹ ਕੇ ਆ ਗਈ ਮੇਰੇ ਹੀ ਇੱਕ ਇਸ਼ਾਰੇ 'ਤੇ
ਸਣੇ ਕਮਾਨ ਤੇ ਤੀਰਾਂ ਦੇ ਤੋੜ ਕੇ ਤਰਕਸ਼
ਸਰ੍ਹੇ ਬਜ਼ਾਰ ਮੇਰੀ ਮੈਂ ਹਰਾ ਗਈ ਮੈਨੂੰ

ਬੱਸ ਏਹੋ ਹੁਨਰ ਹੀ ਮੇਰੇ ਜਿਗਰ ਦਾ ਦਰਦ ਹਰੇ
ਇਹੋ ਖਿਆਲ ਹੀ ਮੇਰੇ ਲਹੂ 'ਚ ਰੰਗ ਭਰੇ
ਬਿਗਾਨੀ ਪੀੜ ਨੂੰ ਮੱਥੇ ਸਜਾਉਣ ਸਿੱਖਿਆ ਹਾਂ
ਇਹੋ ਹੀ ਟੂੰਮ ਹੈ ਜਿਹੜੀ ਸਜਾ ਗਈ ਮੈਨੂੰ



Saave Aks.indd 27 18/07/2017 18:26:36

❍

ਕਿਣਮਿਣੀ ਚਾਨਣ ਸੀ ਜਾਂ ਪ੍ਰਭਾਤ ਸੀ
ਪਰਦਿਆਂ ਦੇ ਪਾਰ ਦੀ ਇੱਕ ਬਾਤ ਸੀ

ਦੂਰ ਤੱਕ ਸਾਂ ਜਗ ਰਿਹਾ 'ਕੱਲਾ ਤਦੇ
ਮੇਰੀ ਪੌਣਾਂ ਨਾਲ਼ ਵੀ ਗੱਲਬਾਤ ਸੀ

ਕੱਚ ਦਾ ਚਿਹਰਾ ਤੇ ਪੱਥਰ ਦੀ ਜ਼ੁਬਾਨ
ਮੇਰਿਆਂ ਗੀਤਾਂ ਨੂੰ ਇੱਕ ਸੌਗ਼ਾਤ ਸੀ

ਟੋਏ-ਟਿੱਬੇ ਸਭ ਬਰਾਬਰ ਕਰ ਗਈ
ਤੇਰਿਆਂ ਬੋਲਾਂ 'ਚ ਜੋ ਬਰਸਾਤ ਸੀ

ਉਹਲਿਆਂ ਤੋਂ ਬਿਨ ਹੀ ਧੁੱਪੇ ਖੜ੍ਹ ਸਕੇ
ਛਾਂ ਨਿਮਾਣੀ ਦੀ ਵੀ ਕੀ ਔਕਾਤ ਸੀ



Saave Aks.indd 28 18/07/2017 18:26:36

❍

ਅਜੇ ਦਰਪੇਸ਼ ਡਰ ਹੈ ਕਾਫ਼ਲੇ ਨੂੰ
ਜ਼ਰਾ ਇਹ ਰਾਤ ਕਟ ਜਾਵੇ ਤਾਂ ਜਾਵੀਂ
ਸਫ਼ਰ ਦਾ ਨੇਰ੍ਹ ਖ਼ੌਰੇ ਕਦ ਮਿਟੇਗਾ
ਜੇ ਮਨ ਦੀ ਧੁੰਦ ਛਟ ਜਾਵੇ ਤਾਂ ਜਾਵੀਂ

ਮੈਂ ਮੰਨਦਾ ਹਾਂ ਤੇਰੇ ਸੀਨੇ ਦੇ ਅੰਦਰ
ਬੜੀ ਇੱਛਾ ਹੈ ਖ਼ੁਦ ਨੂੰ ਪਾਉਣ ਦੀ, ਪਰ
ਇਹ ਜਲ, ਧਰਤੀ, ਹਵਾ, ਆਕਾਸ਼ ਸਭ ਕੁਛ
ਤੇਰੇ ਅੰਦਰ ਸਿਮਟ ਜਾਵੇ ਤਾਂ ਜਾਵੀਂ

ਜੇ ਚਾਹੁੰਨਾ ਏਂ ਕਿ ਸੁਰ-ਸ਼ਾਲਾ ਦੇ ਅੰਦਰ
ਖਿੜੇ ਸਰਗਮ ਨਵੇਂ ਫੁੱਲਾਂ ਦੇ ਵਾਂਗਰ
ਜਦੋਂ ਪਹਿਚਾਣ ਤੇਰੇ ਪੋਟਿਆਂ ਦੀ
ਸੁਰਾਂ ਦੇ ਨਾਲ਼ ਵਟ ਜਾਵੇ ਤਾਂ ਜਾਵੀਂ

ਅਜੇ ਤੂੰ ਭਟਕਣਾ ਕੁਝ ਹੋਰ ਦਰ-ਦਰ
ਬੜਾ ਗੂੜ੍ਹਾ ਹੈ ਹਾਲੇ ਪੈਰ-ਚੱਕਰ
ਅਜੇ ਘਰ ਜਾਣ ਦਾ ਵੇਲਾ ਨਹੀਂ ਹੈ
ਜਿਗਰ ਦੀ ਚੀਸ ਹਟ ਜਾਵੇ ਤਾਂ ਜਾਵੀਂ



Saave Aks.indd 29 18/07/2017 18:26:36

❍

ਅਜਨਮੇ ਕਈ ਗੀਤ ਚਾਹੁੰਦੇ ਨੇ ਆਉਣਾ
ਕਿਵੇਂ ਕਲਮ-ਕਾਗਜ਼ ਤੋਂ ਇਨਕਾਰ ਹੋਵੇ
ਕਦੇ ਆਪ-ਬੀਤੀ ਕਦੇ ਜੱਗ-ਬੀਤੀ
ਸਦਾ ਦਰਦ ਅਪਣਾ ਹੀ ਸਾਕਾਰ ਹੋਵੇ

ਚੁਰੱਸਤੇ 'ਚ ਸੁੱਤਾ ਪਿਆ ਇੱਕ ਰਾਹੀ
ਖ਼ਬਰ ਕੀ, ਕਿ ਕਿਸ ਤੋਂ ਇਹ ਹੋਈ ਕੁਤਾਹੀ
ਕਿ ਚਾਰੇ ਦਿਸ਼ਾਵਾਂ ਹੀ ਨੇ ਗ਼ੈਰ-ਹਾਜ਼ਰ
ਕਿਵੇਂ ਨਾ ਸਫ਼ਰ ਫਿਰ ਇਹ ਬੇਕਾਰ ਹੋਵੇ

ਚੁਫ਼ੇਰੇ ਚਿਣੇ ਹੋਣ ਸ਼ਬਦਾਂ ਦੇ ਮੋਤੀ
ਤੇ ਚਾਨਣ ਖਿਲਾਰੇ ਖ਼ਿਆਲਾਂ ਦੀ ਜੋਤੀ
ਸਜਾਵਾਂ ਇਹਨਾਂ ਨੂੰ ਮੈਂ ਇਉਂ ਵਰਕਿਆਂ 'ਤੇ
ਜਿਵੇਂ ਸਿਰ ਸਜੀ ਹੋਈ ਦਸਤਾਰ ਹੋਵੇ

ਮੈਂ ਰਾਤਾਂ ਨੂੰ ਸੁੱਤੇ ਪੰਖੇਰੂ ਜਗਾਏ
ਦੁਪਹਿਰੀਂ ਮਧੋਲ਼ੇ ਦਰੱਖਤਾਂ ਦੇ ਸਾਏ
ਇਹ ਸਭ ਕੁਛ ਕਰਾਂ, ਫੇਰ ਵੀ ਮੈਂ ਇਹ ਚਾਹਾਂ-
ਮੇਰੀ ਨੀਂਦ 'ਤੇ ਨਾ ਕੋਈ ਭਾਰ ਹੋਵੇ



Saave Aks.indd 30 18/07/2017 18:26:36

❍

ਸਾਰੇ ਸਾਬਤ ਸਰੂਪ ਸਾਂਭਣਗੇ
ਪਰ ਨਾ ਟੁਕੜੇ ਸੰਭਾਲ਼ਦਾ ਕੋਈ
ਜੋਤ ਮੱਥੇ ਦੀ ਸਾਂਭ ਕੇ ਰੱਖੀਂ
ਬੁਝ ਗਿਆਂ ਨੂੰ ਨਾ ਬਾਲ਼ਦਾ ਕੋਈ

ਮੇਰੇ ਇਸ ਰੰਗਮੰਚ ਦਾ ਯਾਰੋ
ਰੋਜ਼ ਪਰਦਾ ਉਠਾਲਦਾ ਕੋਈ
ਮੇਰੇ ਨਾਟਕ 'ਚ ਮੇਰਾ ਪਲ ਵੀ ਨਹੀਂ
ਆਦਿ, ਆਖ਼ਿਰ, ਵਿਚਾਲ਼ ਦਾ ਕੋਈ

ਆਸੇ ਪਾਸੇ ਉਛਲਦੀ ਰਹਿੰਦੀ ਹੈ
ਕੋਈ ਫੜਦਾ ਹੈ ਟਾਲ਼ਦਾ ਕੋਈ
ਦੇ ਕੇ ਹਰ ਵਾਰ ਇਸਨੂੰ ਰੰਗ ਨਵਾਂ
ਇੱਕ ਖਿੱਦੋ ਉਛਾਲ਼ਦਾ ਕੋਈ



Saave Aks.indd 31 18/07/2017 18:26:36

ਅਪਣਾ ਆਪਾ ਸੰਵਾਰ ਕੇ ਰੱਖਾਂ
ਨੀਰ ਮੈਲ਼ਾ ਨਿਤਾਰ ਕੇ ਰੱਖਾਂ
ਰੋਜ਼ ਏਧਰ ਦੀ ਲੰਘਦਾ ਜਦ ਵੀ
ਮੇਰੇ ਪਾਣੀ ਹੰਘਾਲ਼ਦਾ ਕੋਈ

ਸ਼ਾਮ ਸੀਨੇ ਆ ਕੇ ਬਹਿ ਜਾਂਦੀ
ਅਪਣਾ ਕਿੱਸਾ ਅਰੋਕ ਕਹਿ ਜਾਂਦੀ
ਬੰਦ ਕਰ-ਕਰ ਕੇ ਹੋਸ਼ ਦੇ ਦੀਦੇ
ਰੋਜ਼ ਹੋਣੀ ਨੂੰ ਟਾਲ਼ਦਾ ਕੋਈ

ਕਿਰਮਚੀ ਏਸ ਦੀ ਕਿਨਾਰੀ ਹੈ
ਫੁੱਲ ਵਾਹੇ ਅਨੇਕ ਰੰਗਾਂ ਦੇ
ਤੇਰੇ ਚਾਵਾਂ ਦੇ ਨਾਲ਼ ਮਿਲਦਾ ਹੈ
ਰੰਗ ਤੇਰੇ ਰੁਮਾਲ ਦਾ ਕੋਈ

ਇੱਕ ਵਾਰੀ ਜੋ ਕਦੇ ਵੇਖ ਲਿਆ
ਸੱਚ ਹੋਵੇਗਾ ਲਾਜ਼ਮੀ ਇਕ ਦਿਨ
ਭਾਵੇਂ ਹੋਵੇ ਸਵੇਰ ਦਾ ਜਾਂ ਫਿਰ
ਹੋਵੇ ਸੁਪਨਾ ਤਿਕਾਲ਼ ਦਾ ਕੋਈ

ਮੀਲਾਂ ਲੰਬੇ ਨੇ ਮਾਰੂਥਲ ਏਥੇ
ਚਾਰ ਬੂੰਦਾਂ ਕੁਝ ਔਕਾਤ ਨਹੀਂ
ਮੋਏ-ਗੁੰਮੇ ਨਾ ਪਰਤ ਕੇ ਆਏ
ਐਵੇਂ ਦੀਦੇ ਹੈ ਗਾਲ਼ਦਾ ਕੋਈ



Saave Aks.indd 32 18/07/2017 18:26:36

ਚੀਜ਼ ਜਚਦੀ ਹਰੇਕ ਥਾਂ ਅਪਣੀ
ਜਿੱਥੇ ਗੁੰਮੀ ਹੈ ਓਥੋਂ ਲੱਭੇਗੀ
ਚੰਦ ਰਿਸ਼ਤੇ ਗੁਆਚੇ ਘਰ ਅੰਦਰ
ਫਿਰਦਾ ਸੜਕਾਂ 'ਤੇ ਭਾਲ਼ਦਾ ਕੋਈ

ਸ਼ਾਂਤ ਰਹਿੰਦੇ ਤਾਂ ਜ਼ਿੰਦਗੀ ਰਹਿੰਦੀ
ਮੌਤ ਨੱਚੇ ਇਨ੍ਹਾਂ ਦੇ ਤਾਂਡਵ 'ਤੇ
ਹੈ ਨਾ ਡੱਕਾ ਯਕੀਨ ਅਗਨੀ ਦਾ
ਤੇ ਨਾ ਪਾਣੀ ਦੀ ਚਾਲ ਦਾ ਕੋਈ

ਥੋੜ੍ਹੀ ਮਿੱਟੀ ਤੇ ਥੋੜ੍ਹਾ ਪਾਣੀ ਹੈ
ਨਾਲ਼ ਕੁਝ ਅੱਗ ਵੀ ਸੰਭਾਲ਼ੀ ਹੈ
ਅਪਣੇ ਸੀਨੇ ਦੀ ਡੂੰਘੀ ਤਹਿ ਅੰਦਰ
ਬੀਜ ਦੀਵੇ ਦਾ ਪਾਲ਼ਦਾ ਕੋਈ

ਤੇਰੇ ਨੈਣਾਂ 'ਚ ਤੇਰੇ ਮਸਤਕ ਵਿੱਚ
ਤੇ ਤੇਰੇ ਆਸ-ਪਾਸ ਆਈਨੇ
ਨੀਝ ਲਾਵੇਂ ਤਾਂ ਤੈਨੂੰ ਦਿਸ ਜਾਵੇ
ਤੇਰੇ ਸੁਪਨੇ ਉਧਾਲ਼ਦਾ ਕੋਈ

ਨਾ ਤਾਂ ਇਹ ਮਿਲ ਸਕੀ ਕੈਲੰਡਰ 'ਚੋਂ
ਨਾ ਹੀ ਯਾਦਾਂ ਦੇ ਕਿਸੇ ਖੰਡਰ 'ਚੋਂ
ਪਲਟ ਦਿੰਦਾ ਹੈ ਪੌਣ ਦੇ ਪੰਨੇ
ਤੇਰੀ ਤਸਵੀਰ ਭਾਲ਼ਦਾ ਕੋਈ



Saave Aks.indd 33 18/07/2017 18:26:36

ਜਦ ਤੁਰੇ ਸੀ ਤਾਂ ਮਨ 'ਚ ਨਿਹਚਾ ਸੀ
ਨਾਲ਼ੇ ਸੁੱਚੀ ਤੜਪ ਸੀ ਮੰਜ਼ਿਲ ਦੀ
ਫੇਰ ਸਭ ਕਾਫਲੇ 'ਚੋਂ ਕਿਰਦੇ ਗਏ
ਰੋਕ ਸਕਿਆ ਨਾ ਨਾਲ਼ ਦਾ ਕੋਈ

ਛੋਹ ਜਦੋਂ ਮਿਲ ਸਕੀ ਨਾ ਕੇਸਾਂ ਨੂੰ
ਨਿੱਘ ਜਦ ਤੁਰ ਗਏ ਬਦੇਸਾਂ ਨੂੰ
ਫੇਰ ਪੱਲੇ ਉਨ੍ਹਾਂ ਦੇ ਰਹਿ ਜਾਣਾ
ਸਰਦ ਸੁਪਨਾ ਸਿਆਲ਼ ਦਾ ਕੋਈ

ਹੱਸਦੇ-ਖੇਡਦੇ ਸਫ਼ਰ 'ਤੇ ਤੁਰੇ
ਤੁਰਦਿਆਂ ਰਾਹ 'ਚ ਇੱਕ ਸਰਾਂ ਆਈ
ਫਿਰ ਨਾ ਮਿਲਿਆ ਸੁਰਾਗ਼ ਰਾਹੀਆਂ ਦਾ
ਤੇ ਨਾ ਰਾਹੀਆਂ ਦੇ ਮਾਲ ਦਾ ਕੋਈ

ਕੋਈ ਇੱਛਾ ਜਾਂ ਪਿਆਸ ਹੋਵੇਗੀ
ਜਾਂ ਤੇਰੇ ਮਨ ਦੀ ਆਸ ਹੋਵੇਗੀ
ਏਥੋਂ-ਓਥੋਂ ਜਵਾਬ ਲੱਭ ਜਾਣੈਂ
ਤੈਨੂੰ ਤੇਰੇ ਸਵਾਲ ਦਾ ਕੋਈ

ਪੈਰ ਅੱਕੇ ਅਕਾਊ ਰਾਹਵਾਂ ਤੋਂ
ਬੋਲ ਥੱਕੇ ਵਿਕਾਊ ਨਾਂਵਾਂ ਤੋਂ
ਸੈਆਂ ਰੰਗਾਂ ਦੇ ਭੌਣ 'ਚੋਂ ਹੁਣ ਤਾਂ
ਰੰਗ ਉੱਗੇ ਕਮਾਲ ਦਾ ਕੋਈ



Saave Aks.indd 34 18/07/2017 18:26:36

❍

ਅਜੇ ਤਾਂ ਜਾ ਰਿਹੈ ਉਹਨਾਂ ਦਿਆਂ ਪਿਤਰਾਂ ਨੂੰ ਪਾਣੀ
ਅਜੇ ਮਿਲਿਆ ਨਹੀਂ ਬਾਬਾ ਤੇਰੇ ਖੇਤਾਂ ਨੂੰ ਪਾਣੀ

ਜੇ ਬਚਿਆ, ਦੂਰ ਤੱਕ ਸੜਕਾਂ ਨੂੰ ਵੀ ਮੈਂ ਧੋ ਦਿਆਂਗਾ
ਅਜੇ ਮੈਂ ਦੇ ਰਿਹਾਂ ਬਿਰਖਾਂ ਦੀਆਂ ਤੇਹਾਂ ਨੂੰ ਪਾਣੀ

ਪਰਿੰਦੇ, ਰੌਸ਼ਨੀ, ਧੜਕਣ ਦਾ ਇਸਨੂੰ ਹੇਰਵਾ ਹੈ
ਛੁਹਾਓ ਰਾਤ ਦੇ ਸੁੱਕੇ ਹੋਏ ਬੁੱਲ੍ਹਾਂ ਨੂੰ ਪਾਣੀ

ਉਹਨਾਂ ਵਿਚ ਤੈਰ ਸਕਦੇ ਨੇ ਕਿਵੇਂ ਰੰਗੀਨ ਸੁਪਨੇ
ਕਦੇ ਵੀ ਮਿਲ ਨਹੀਂ ਸਕਿਆ ਜਿਨ੍ਹਾਂ ਅੱਖਾਂ ਨੂੰ ਪਾਣੀ

ਬੜਾ ਹੀ ਜੀਅ ਕਰੇ ਬੈਠਾਂ ਕਿਤੇ ਖੇਤਾਂ 'ਚ ਜਾ ਕੇ
ਤੇ ਨਿੱਤ ਪੁੱਛਿਆ ਕਰਾਂ ਚਿੜੀਆਂ ਦੀਆਂ ਡਾਰਾਂ ਨੂੰ ਪਾਣੀ

ਅਗੇਰੇ ਜਾ ਰਹੇ ਨੇ ਹੋਰ ਵੀ, ਅੱਜ ਦੇ ਘਨੱਈਏ
ਪਿਲਾਉਂਦੇ ਜੰਗ ਦੇ ਮੈਦਾਨ ਵਿੱਚ ਲਾਸ਼ਾਂ ਨੂੰ ਪਾਣੀ



Saave Aks.indd 35 18/07/2017 18:26:36

❍

ਅਸਾਂ ਕੀ ਦੋਸ਼ ਦੇਣਾ ਰਸਤਿਆਂ ਨੂੰ
ਸਫ਼ਰ ਸਾਡਾ ਜੇ ਇਉਂ ਬਦਨਾਮ ਹੋਵੇ
ਅਜੇ ਨਾ ਆਸ਼ਿਆਨੇ ਦੀ ਜ਼ਰੂਰਤ
ਅਜੇ ਤਾਂ ਉੱਡਦਿਆਂ ਨੂੰ ਸ਼ਾਮ ਹੋਵੇ

ਸਫ਼ਾ ਅਸਮਾਨ ਦਾ ਖੁੱਲ੍ਹਿਆ ਸੀ ਰਾਤੀਂ
ਲਿਖੇ ਚੰਨ ਤਾਰਿਆਂ ਨੇ ਹਰਫ਼ ਸੁਹਣੇ
ਉਣੀਂਦੇ ਜਾਪਿਆ ਮੈਨੂੰ, ਇਹ ਸ਼ਾਇਦ
ਮੇਰੇ ਹੀ ਵਾਸਤੇ ਪੈਗ਼ਾਮ ਹੋਵੇ

ਗੁਜ਼ਰਦਿਆਂ ਪੋਹਲ਼ੀਆਂ-ਸੂਲ਼ਾਂ ਦੇ ਉੱਤੋਂ
ਸਫ਼ਰ ਕੁਝ ਹੋਰ ਵੀ ਆਸਾਨ ਜਾਪੇ
ਮੇਰੇ ਸਿਰ 'ਤੇ ਵੀ ਜੇ ਕਈਆਂ ਦੇ ਵਾਂਗੂੰ
ਕੁਰਾਹੇ ਪੈਣ ਦਾ ਇਲਜ਼ਾਮ ਹੋਵੇ

ਹਰਿਕ ਅਰਪਣ ਦੀ ਨੀਂਹ ਹੈ ਆਦਮੀਅਤ
ਤੇ ਹਰ ਕਿੱਸੇ ਦੀ ਹੈ ਏਹੋ ਹਕੀਕਤ
ਉਹ ਘਰ ਤੋਂ ਜਾ ਰਿਹਾ ਹੋਵੇ ਜਾਂ ਗੌਤਮ
ਅਯੁੱਧਿਆ ਛੱਡ ਰਿਹਾ ਜਾਂ ਰਾਮ ਹੋਵੇ

ਉਹ ਡੁੱਬ ਜਾਂਦਾ ਹੈ ਨੀਲੇ ਪਾਣੀਆਂ ਵਿਚ
ਸਵੇਰੇ ਜਿਉਂਦਿਆਂ ਹੀ ਪਰਤਦਾ ਹੈ
ਤੇ ਮੈਂ ਵੀ ਲੋਚਦਾਂ ਓਵੇਂ ਹੀ ਜੰਮਣਾ
ਤੇ ਓਹੋ ਹੀ ਮੇਰਾ ਅੰਜਾਮ ਹੋਵੇ



Saave Aks.indd 36 18/07/2017 18:26:36

❍

ਮੈਂ ਐਸੇ ਰਾਹ ਤਲਾਸ਼ੇ ਨੇ ਜਿਨ੍ਹਾਂ 'ਤੇ ਛਾਂ ਨਹੀਂ ਕੋਈ
ਕਿਤੇ ਵੀ ਬੈਠ ਕੇ ਦਮ ਲੈਣ ਜੋਗੀ ਥਾਂ ਨਹੀਂ ਕੋਈ

ਬਿਗਾਨੇ ਸ਼ਹਿਰ ਵਿਚ ਖ਼ੁਸ਼ ਰਹਿਣ ਦਾ ਸਾਮਾਨ ਹੈ ਸਾਰਾ
ਬਿਠਾ ਕੇ ਗੋਦ ਅੱਥਰੂ ਪੂੰਝਦੀ ਪਰ ਮਾਂ ਨਹੀਂ ਕੋਈ

ਲਿਹਾਜ਼ੀ ਆਖਦੇ ਮੈਨੂੰ ਕਿ ਅਪਣੇ ਘਰ ਦੇ ਬੂਹੇ 'ਤੇ
ਮੈਂ ਤਖ਼ਤੀ ਤਾਂ ਲਵਾਈ ਹੈ ਪਰ ਉਸ 'ਤੇ ਨਾਂ ਨਹੀਂ ਕੋਈ

ਸੁਰਾਹੀ ਸਮਝ ਕੇ ਖ਼ੁਦ ਨੂੰ ਨਦੀ, ਛੋਟਾ ਕਹੇ ਘਰ ਨੂੰ
ਤੇ ਹੁਣ ਉਸ ਵਾਸਤੇ ਉਸ ਘਰ ਦੇ ਅੰਦਰ ਥਾਂ ਨਹੀਂ ਕੋਈ

ਮੁਸਾਫ਼ਿਰ ਮੰਜ਼ਿਲਾਂ ਦੀ ਥਾਂ ਕਿਵੇਂ ਨਾ ਜਾਣ ਮਕ਼ਤਲ ਨੂੰ
ਮਨਾਂ ਵਿਚ ਧੁੱਪ ਹੈ ਪੱਸਰੀ, ਸਿਰਾਂ 'ਤੇ ਛਾਂ ਨਹੀਂ ਕੋਈ

ਉਨ੍ਹਾਂ ਨੂੰ ਸ਼ੱਕ ਹੈ ਕਣੀਆਂ ਦੀ ਥਾਂ ਅੰਗਿਆਰ ਬਰਸਣਗੇ
ਨਗਰ ਅੰਦਰ ਘਟਾਵਾਂ ਨੂੰ ਬੁਲਾਉਂਦਾ ਤਾਂ ਨਹੀਂ ਕੋਈ



Saave Aks.indd 37 18/07/2017 18:26:36

❍

ਕਿੰਨੇ ਹਤਾਸ਼ ਹੋਣਗੇ ਉਹ ਮੇਰੇ ਹਾਲ 'ਤੇ
ਆਪੇ ਮੈਂ ਫੇਰ ਹੱਸਿਆ ਅਪਣੇ ਖ਼ਿਆਲ 'ਤੇ

ਅੱਧਮੋਈ ਹੋ ਕੇ ਰਹਿ ਗਈ ਹੱਥਾਂ ਦੀ ਛੋਹ ਬਿਨਾ
ਪਾਈ ਸੀ ਚਾਵਾਂ ਨਾਲ਼ ਜੋ ਘੁੱਗੀ ਰੁਮਾਲ 'ਤੇ

ਜਦ ਮੇਰੇ ਜ਼ਿਹਨ ਵਿੱਚ ਵੀ ਸਾਜ਼ਿਸ਼ ਦੀ ਰੇਤ ਸੀ
ਮੈਨੂੰ ਵੀ ਸ਼ੱਕ ਸੀ ਉਦੋਂ ਪਾਣੀ ਦੀ ਚਾਲ 'ਤੇ

ਉਸ 'ਕੱਲੇ-ਕਾਰੇ ਸ਼ਖ਼ਸ ਦਾ ਮਰਨਾ ਸੀ ਤੈਅਸ਼ੁਦਾ
ਕਿੰਨੇ ਕੁ ਵਾਰ ਰੋਕਦਾ ਹੱਥਾਂ ਦੀ ਢਾਲ਼ 'ਤੇ

ਨ੍ਹੇਰੇ ਦਾ ਨਾਂ ਲਿਆ ਹੀ ਸੀ ਤਾਰੇ ਚਮਕ ਪਏ
ਲੱਖਾਂ ਜਵਾਬ ਆ ਗਏ ਇੱਕੋ ਸਵਾਲ 'ਤੇ



Saave Aks.indd 38 18/07/2017 18:26:36

❍

ਖ਼ਾਲੀ ਵਰਕੇ ਚਾਰ-ਚੁਫ਼ੇਰੇ
ਕੀਹਨੇ ਵਰਜੇ ਅੱਖਰ ਮੇਰੇ

ਆਹ ਚੁੱਕ 'ਤੇ ਪਹਿਨਣ ਦੀ ਕਰ ਤੂੰ
ਹੰਢਣ ਜੋਗੇ ਦਰਦ ਬਥੇਰੇ

ਤੇਲ ਕਿਸੇ ਭਾਂਬੜ ਸੰਗ ਰਲ਼ਿਆ
ਖਾਲੀ ਦੀਵੇ ਰੋਣ ਬਨੇਰੇ

ਹਾਸੇ ਤਾਂ ਸਾਰੇ ਹੀ ਨਕਲੀ
ਹੰਝੂ ਵੀ ਪਰਖਾਂਗੇ ਤੇਰੇ

ਇਸ ਵਾਰੀ ਕੁਝ ਹੋਰ ਬਣਾਓ
'ਕੱਠੇ ਕਰਕੇ ਟੁਕੜੇ ਮੇਰੇ



Saave Aks.indd 39 18/07/2017 18:26:36

❍

ਖੌਰੇ ਪਾਂਧੀ ਕਿੰਨਾ ਚਿਰ ਬਹਿ ਸਕਣ ਇਨ੍ਹਾਂ ਦੀ ਛਾਂਵੇਂ
ਪੱਤਝੜ ਪੁੱਛਦੀ ਫਿਰਦੀ ਸੀ ਕੱਲ੍ਹ ਰੁੱਖਾਂ ਦੇ ਸਿਰਨਾਵੇਂ

ਮਾਰੂਥਲ ਵਿੱਚ ਧੁੱਪਾਂ ਨੇ ਜਦ ਅਪਣਾ ਜ਼ੋਰ ਵਿਖਾਇਆ
ਵੇਖੀਂ ਭੱਜ-ਭੱਜ ਬੈਠਣਗੇ ਉਹ ਇਕ-ਦੂਜੇ ਦੀ ਛਾਂਵੇਂ

ਕੀ ਜ਼ਿੰਦਗੀ ਨੂੰ ਲਿਖਣਾ-ਸਿੱਖਣਾ, ਕੀ ਅਰਥਾਂ ਤੱਕ ਜਾਣਾ
ਹਾਲੇ ਤੱਕ ਇਹ ਯਾਦ ਨਾ ਹੋਏ ਅੱਖਰ ਚਾਰ ਭੁਲਾਵੇਂ

ਗੇਰੂ ਰੰਗੀ ਸ਼ਾਮ ਦਿਆਂ ਰੰਗਾਂ ਤੋਂ ਮੁਨਕਰ ਹੋ ਕੇ
ਮਨ ਦੇ ਸੁੰਨੇ ਘਰ ਵਿਚ ਘੁੰਮਦੇ ਰਹਿੰਦੇ ਕੁਝ ਪਰਛਾਵੇਂ

ਬੇਮਤਲਬ ਹੈ ਬੇਮੰਜ਼ਿਲ ਰਾਹੀਆਂ ਦੇ ਪਿੱਛੇ ਜਾਣਾ
ਫੇਰ ਵੀ ਜ਼ਿਹਨ 'ਚ ਸਾਂਭੀ ਰੱਖੀਂ ਪੈੜਾਂ ਦੇ ਸਿਰਨਾਵੇਂ



Saave Aks.indd 40 18/07/2017 18:26:36

❍

ਲਿਆ ਜ਼ਰਾ ਕਾਗਜ਼ ਹੁਣੇ ਅਪਣੀ ਵਸੀਅਤ ਲਿਖ ਦਿਆਂ
ਤਪਦਿਆਂ ਲਈ ਆਪਣੇ ਹਿੱਸੇ ਦੀ ਰਾਹਤ ਲਿਖ ਦਿਆਂ

ਤੂੰ ਜੇ ਮੇਰੇ ਵਾਸਤੇ ਮੁਸਕਾਉਣ ਦਾ ਵਾਅਦਾ ਕਰੇਂ
ਪੇਸ਼ਗੀ ਤੈਨੂੰ ਇਹ ਨਦੀਆਂ, ਪੌਣ, ਪਰਬਤ ਲਿਖ ਦਿਆਂ

ਸ਼ਾਮ ਤੀਕਰ ਧੁੱਪ ਦੇ ਸੰਗ ਜੇ ਖੜ੍ਹ ਸਕੋਂ ਜੇ ਦੋਸਤੋ
ਉੱਗਦੇ ਸੂਰਜ ਦੇ ਮੱਥੇ ’ਤੇ ਬਗ਼ਾਵਤ ਲਿਖ ਦਿਆਂ

ਉਂਜ ਤਾਂ ਮੈਂ ਤੇਰੀਆਂ ਖ਼ੁਸ਼ੀਆਂ ਦਾ ਹੀ ਪੁੱਛਣਾ ਸੀ ਹਾਲ
ਜੇ ਕਹੇਂ ਤਾਂ ਆਪਣੇ ਜ਼ਖ਼ਮਾਂ ਦੀ ਹਾਲਤ ਲਿਖ ਦਿਆਂ

ਤੂੰ ਹੈਂ ਈਸਾ ਮੈਂ ਨਹੀਂ, ਏਨਾ ਕੁ ਬਸ ਮਨਜ਼ੂਰ ਕਰ
ਆ ਤੇਰੀ ਸੂਲ਼ੀ ’ਤੇ ਮੈਂ ਅਪਣੀ ਅਕ਼ੀਦਤ ਲਿਖ ਦਿਆਂ

ਸਾਰੀਆਂ ਕੰਧੋਲ਼ੀਆਂ ਦੇ ਨਾਲ਼ ਦੁਖ-ਸੁਖ ਫੋਲ ਕੇ
ਮੇਰੇ ਵੱਸ ਹੋਵੇ ਤਾਂ ਹਰ ਚੁੱਲ੍ਹੇ ’ਤੇ ਬਰਕਤ ਲਿਖ ਦਿਆਂ

ਆਪਣਾ ਪਿੰਡਾ ਬਚਾਓ, ਛੱਡ ਕੇ ਕਣੀਆਂ ਦਾ ਹੇਜ
ਜੀ ਕਰੇ ਮੈਂ ਕੱਚੀਆਂ ਕੰਧਾਂ ਨੂੰ ਇਕ ਖ਼ਤ ਲਿਖ ਦਿਆਂ

ਤੂੰ ਅਥਾਹ ਅਸਮਾਨ ਵੱਲ ਰੱਖੀਂ ਜ਼ਰਾ ਨਜ਼ਰਾਂ, ਤੇ ਮੈਂ
ਤੇਰੇ ਉੱਗਦੇ ਖੰਭ ’ਤੇ ਉੱਡਣ ਦੀ ਚਾਹਤ ਲਿਖ ਦਿਆਂ

ਇਸ ਉਦਾਸੇ ਦੌਰ ਵਿੱਚ ਸਾਥੀ ਬਣਾ, ’ਕੱਲਾ ਨਾ ਰਹਿ
ਆ ਤੇਰੇ ਨਾਂ ’ਤੇ ਇਨ੍ਹਾਂ ਗ਼ਜ਼ਲਾਂ ਦੀ ਸੰਗਤ ਲਿਖ ਦਿਆਂ



Saave Aks.indd 41 18/07/2017 18:26:37

❍

ਬਕਾਇਆ ਮੇਰੀ ਹਰ ਧੜਕਣ ਦਾ ਮੇਰੇ ਵੱਲ ਨਿੱਕਲਦਾ ਹੈ
ਅਜੇ ਤਾਂ ਵਕਤ ਦਾ ਪਹੀਆ ਮੇਰੀ ਛਾਤੀ 'ਤੇ ਚਲਦਾ ਹੈ

ਸੁਨਹਿਰੀ ਸਿੱਟਿਆਂ ਨੂੰ ਵੇਖ ਕੇ ਵੀ ਖੁਸ਼ ਨਹੀਂ ਹੋਇਆ
ਹੁਣ ਉਸਦੇ ਜ਼ਿਹਨ ਵਿੱਚ ਸੰਸਾ ਸਗੋਂ ਅਗਲੀ ਫ਼ਸਲ ਦਾ ਹੈ

ਜ਼ਰਾ ਹੁਸ਼ਿਆਰ ਹੀ ਰਹਿਣਾ, ਇਹ ਫੁੱਲ ਬਣ ਕੇ ਵੀ ਮਿਲ ਸਕਦੈ
ਇਹ ਖ਼ੰਜਰ ਵਕਤ ਦਾ ਸੱਚੀਂ ਬੜੇ ਚਿਹਰੇ ਬਦਲਦਾ ਹੈ

ਬਲਾਵਾਂ ਨੂੰ, ਹਨੇਰੇ ਨੂੰ ਮੇਰੇ ਬਾਰੇ ਨਾ ਕੁਝ ਪੁੱਛਣਾ
ਇਨ੍ਹਾਂ ਸਭਨਾਂ ਦਾ ਮੇਰੇ 'ਤੇ ਅਜੇ ਇਤਰਾਜ਼ ਚੱਲਦਾ ਹੈ

ਉਹ ਜਾਂ ਝੱਲਾ ਹੈ ਜਾਂ ਇਨਕਾਰ ਤੇ ਇਕਰਾਰ ਤੋਂ ਉੱਚਾ
ਮੇਰੇ ਨਾਂ 'ਤੇ ਉਹ ਇੱਕ ਖਾਲੀ ਲਿਫ਼ਾਫ਼ਾ ਰੋਜ਼ ਘੱਲਦਾ ਹੈ

ਇਹ ਮਨ ਹੈ, ਇਸ 'ਚ ਉੱਠਣ ਮੱਸਿਆ ਦੀ ਰਾਤ ਨੂੰ ਛੱਲਾਂ
ਤੇ ਨਾਲ਼ੇ ਪੋਹ ਦੀਆਂ ਰਾਤਾਂ ਦੇ ਵਿੱਚ ਲਾਵਾ ਪਿਘਲਦਾ ਹੈ

ਹਨੇਰੀ ਰਾਤ ਵਿੱਚ ਰਾਹ ਲੱਭਦਿਆਂ ਉਹ ਹੋ ਗਿਆ ਜ਼ਖ਼ਮੀ
ਉਹਨੂੰ ਸ਼ੱਕ ਸੀ ਕਿ ਇੱਕ ਸੂਰਜ ਉਦ੍ਹੇ ਮੱਥੇ 'ਚ ਬਲ਼ਦਾ ਹੈ



Saave Aks.indd 42 18/07/2017 18:26:37

○

ਇਹ ਲੋਕ ਵਕਤ ਦਾ ਚਿਹਰਾ ਜੇ ਪੜ੍ਹ ਗਏ ਹੁੰਦੇ
ਉੱਤਰ ਕੇ ਅਰਸ਼ ਤੋਂ ਸੂਲ਼ੀ 'ਤੇ ਚੜ੍ਹ ਗਏ ਹੁੰਦੇ

ਉਨ੍ਹਾਂ ਜੋ ਸੋਚਿਆ ਉਹ ਹੀ ਜੇ ਹੋ ਗਿਆ ਹੁੰਦਾ
ਘਰਾਂ ਦੇ ਰੁੱਖ ਵੀ ਮੋੜਾਂ 'ਤੇ ਖੜ੍ਹ ਗਏ ਹੁੰਦੇ

ਤੁਸਾਂ ਵਹਾਏ ਜੋ ਹੁੰਦੇ ਜੇ ਅੱਥਰੂ ਸੱਚਮੁੱਚ
ਤੁਹਾਡੇ ਰੰਜ ਵੀ ਇਹਨਾਂ 'ਚ ਹੜ੍ਹ ਗਏ ਹੁੰਦੇ

ਮੇਰਾ ਸ਼ੁਮਾਰ ਵੀ ਰੁੱਖਾਂ 'ਚ ਹੁੰਦਾ, ਜੇ ਮੇਰੇ
ਜ਼ਰਾ ਕੁ ਪੌਣ 'ਚ ਪੱਤੇ ਨਾ ਝੜ ਗਏ ਹੁੰਦੇ

ਅਸਾਡੇ ਵਸਲ 'ਚ ਹਿਜਰਾਂ ਦੀ ਮਹਿਕ ਸੀ ਵਰਨਾ
ਅਸੀਂ ਤਾਂ ਮਿਲਣ ਤੋਂ ਪਹਿਲਾਂ ਵਿਛੜ ਗਏ ਹੁੰਦੇ



Saave Aks.indd 43 18/07/2017 18:26:37

❍

ਅਜੇ ਪੈਰੀਂ ਸਫ਼ਰ ਬੱਝਾ ਰਹਿਣ ਦੇ
ਨਾ ਇਸ ਝਾਂਜਰ ਨੂੰ ਕਰ ਤੂੰ ਦੂਰ ਹਾਲੇ
ਅਜੇ ਨੱਚਣ ਲਈ ਵਿਹੜਾ ਸਲਾਮਤ
ਨਾ ਹੋਏ ਪੈਰ ਥੱਕ ਕੇ ਚੂਰ ਹਾਲੇ

ਪਰਿੰਦੇ ਸਾਂਭ ਕੇ ਰੱਖਦੇ ਉਦਾਸੀ
ਸਭ ਆਪੋ-ਆਪਣੇ ਪਿੰਜਰੇ ਦੇ ਵਾਸੀ
ਇਨ੍ਹਾਂ ਦੇ ਬੋਲ ਵੀ ਚੀਰਨਗੇ 'ਵਾਵਾਂ
ਪਿਆ ਨਾ ਅੰਬੀਆਂ ਨੂੰ ਬੂਰ ਹਾਲੇ

ਕਦੇ ਲਗਦੈ ਹਨੇਰਾ ਹੋ ਗਿਆ ਹੈ
ਕਦੇ ਲਗਦੈ ਸਵੇਰਾ ਹੋ ਗਿਆ ਹੈ
ਇਹ ਕੈਸਾ ਹਾਲ ਮੇਰਾ ਹੋ ਗਿਆ ਹੈ
ਜਾਂ ਮੇਰੀ ਅੱਖ ਹੈ ਬੇਨੂਰ ਹਾਲੇ



Saave Aks.indd 44 18/07/2017 18:26:37

ਚਿਰਾਂ ਤੋਂ ਦਿਲ ਨੇ ਸੀ ਸੁਪਨਾ ਸਜਾਇਆ
ਮਸਾਂ ਮੈਂ ਬਹਿ ਕੇ ਅੱਜ ਇਸਨੂੰ ਵਰਾਇਆ
ਸਮਾਂ ਆਇਆ ਸਮੁੰਦਰ ਵੀ ਬਣਾਂਗੇ
ਤੂੰ ਅਪਣੀ ਪਿਆਸ ਦਾ ਪੱਖ ਪੂਰ ਹਾਲੇ

ਜੇ ਉਸਦੀ ਯਾਦ ਹੁਣ ਆਉਂਦੀ ਤਾਂ ਆਵੇ
ਜੇ ਝੋਰਾ ਜਿੰਦ ਨੂੰ ਖਾਂਦੀ ਤਾਂ ਖਾਵੇ
ਅਜੇ ਨਹੀਂ ਏਸਦੀ ਕਰਨੀ ਮੈਂ ਦਾਰੂ
ਇਹ ਫੱਟ ਬਣਿਆ ਨਹੀਂ ਨਾਸੂਰ ਹਾਲੇ

ਸਮੇਂ ਦੀ ਤੋਰ ਦੀ ਸੁਣਦੇ ਕਹਾਣੀ
ਕਿ ਲੋਕੀਂ ਹੋ ਗਏ ਸਮਿਆਂ ਦੇ ਹਾਣੀ
ਅਸੀਂ ਪਰ ਪੁੱਛਣਾ ਰਾਹੀਆਂ ਨੂੰ ਪਾਣੀ
ਨਹੀਂ ਇਹ ਬਦਲਨਾ ਦਸਤੂਰ ਹਾਲੇ



Saave Aks.indd 45 18/07/2017 18:26:37

❍

ਸਭ ਬਿਰਖ-ਬੰਦਿਆਂ ਨੂੰ ਆਪਣੇ
ਪਰਛਾਵਿਆਂ ਦੀ ਤਲਾਸ਼ ਹੈ
ਵਣ ਵਿਚਲੀਆਂ ਵੇਲਾਂ ਨੂੰ ਵੀ
ਹੁਣ ਗਮਲਿਆਂ ਦੀ ਤਲਾਸ਼ ਹੈ

ਕਿਸੇ ਤਲ ਨੂੰ ਨਮ ਨਾ ਜੋ ਕਰ ਸਕੇ
ਕਿਸੇ ਪਿਆਸ ਨੂੰ ਵੀ ਨਾ ਭਰ ਸਕੇ
ਕਿ ਉਹ ਛੱਡ ਹੀ ਦੇਣ ਨਾ ਲਰਜ਼ਣਾ
ਉਨ੍ਹਾਂ ਪਾਣੀਆਂ ਦੀ ਤਲਾਸ਼ ਹੈ

ਮੇਰਾ ਜ਼ਿਹਨ ਹਾਲੇ ਵੀ ਸਰਦ ਹੈ
ਮੇਰੇ ਸਿਰ 'ਤੇ ਤੇਰਾ ਉਹ ਕਰਜ਼ ਹੈ
ਤੇਰੇ ਹੰਝ ਦੀ ਕੀਮਤ ਚੁਕਾਉਣ ਲਈ
ਮੈਨੂੰ ਸਾਗਰਾਂ ਦੀ ਤਲਾਸ਼ ਹੈ



Saave Aks.indd 46 18/07/2017 18:26:37

ਸਾਥੀ ਮੁਸਾਫ਼ਰ ਵੀ ਨਾ ਸਹੀ
ਰਾਹਾਂ ਦੇ ਵਿੱਚ ਪੱਥਰ ਸਹੀ
ਪੈਰਾਂ ਨੂੰ ਬੱਸ ਏਸ ਪੰਧ 'ਤੇ
ਦੋ ਝਾਂਜਰਾਂ ਦੀ ਤਲਾਸ਼ ਹੈ

ਭਟਕਣ ਤਾਂ ਬਿਫਰੀ ਹੈ ਹੋਰ ਵੀ
ਕੁਝ ਲੜਖੜਾਈ ਹੈ ਤੋਰ ਵੀ
ਅਜੇ ਮੰਜ਼ਿਲਾਂ ਦਾ ਸਵਾਲ ਕੀ
ਅਜੇ ਰਸਤਿਆਂ ਦੀ ਤਲਾਸ਼ ਹੈ

ਖੰਭਾਂ ਦੇ ਵਿਚ ਹਰਕਤ ਵੀ ਹੈ
ਪਰਵਾਜ਼ ਦੀ ਚਾਹਤ ਵੀ ਹੈ
ਪੰਛੀ ਨੂੰ ਉੱਡਣ ਦੇ ਵਾਸਤੇ
ਬੱਸ ਅੰਬਰਾਂ ਦੀ ਤਲਾਸ਼ ਹੈ

ਹਰ ਅੱਖ ਚਾਨਣ ਤੋਂ ਹੀ ਡਰੇ
ਨਾ ਉਹ ਸੂਰਤਾਂ ਨਾ ਮੁਹਾਂਦਰੇ
ਹੁਣ ਸ਼ੀਸ਼ਿਆਂ ਦੀ ਹੈ ਲੋੜ ਕੀ
ਹੁਣ ਪਰਦਿਆਂ ਦੀ ਤਲਾਸ਼ ਹੈ



Saave Aks.indd 47 18/07/2017 18:26:37

❍

ਜ਼ਿੰਦਗੀ ਜੇ ਰਾਹ ਸੁਖਾਲ਼ੇ ਕਰ ਸਕੇ
ਆਦਮੀ ਬੇਖ਼ੌਫ਼ ਹੋ ਕੇ ਮਰ ਸਕੇ

ਚਾਹੀਦੀ ਏਨੀ ਗੁੰਜਾਇਸ਼ ਰੱਖਣੀ
ਬੰਦਾ ਅਪਣੇ ਆਪ ਤੋਂ ਵੀ ਡਰ ਸਕੇ

ਕੱਜ ਕੇ ਸਿਰ ਛਤਰੀਆਂ ਦੇ ਨਾਲ਼ ਵੀ
ਸੋਚ ਵਿਚਲੀ ਧੁੱਪ ਨੂੰ ਨਾ ਜਰ ਸਕੇ

ਸ਼ਬਦਕੋਸ਼ਾਂ ਨੂੰ ਉਹ ਸਾਹਵੇਂ ਰੱਖ ਕੇ
ਮੇਰੀ ਚੁੱਪ ਦਾ ਤਰਜੁਮਾ ਨਾ ਕਰ ਸਕੇ

ਜੰਮਣਾ ਉਹਨਾਂ ਨੇ ਬਾਰਮਬਾਰ ਹੈ
ਆਪਣੀ ਆਈ ਨਾ ਜਿਹੜੇ ਮਰ ਸਕੇ



Saave Aks.indd 48 18/07/2017 18:26:37

❍

ਨੇਰ੍ਹ ਦੇ ਸੁੰਨੇ ਪਲਾਂ ਵਿਚ ਭਟਕਦੇ ’ਕੱਲੇ ਅਸੀਂ
ਭਾਲ਼ਦੇ ਪੂਰਬ ਨੂੰ ਖ਼ੁਦ ਹੀ ਅਸਤ ਹੋ ਚੱਲੇ ਅਸੀਂ

ਧੁੱਪ ਚੜ੍ਹ ਆਈ ਤਾਂ ਇਹਨਾਂ ਨੂੰ ਹਾਂ ਸਿਰ ’ਤੇ ਲੋਚਦੇ
ਰੱਖਿਆ ਛਾਂਵਾਂ ਨੂੰ ਹੁਣ ਤੱਕ ਠੋਕਰਾਂ ਥੱਲੇ ਅਸੀਂ

ਜੋ ਲਿਖੇ ਸਨ ਖ਼ੁਸ਼ਕੀਆਂ ਦੇ ਨਾਲ਼, ਪਰਤੇ ਖ਼ੁਸ਼ਕ ਹੀ
ਬੱਦਲ਼ਾਂ ਦੇ ਦੇਸ ਨੂੰ ਜਿੰਨੇ ਵੀ ਖ਼ਤ ਘੱਲੇ ਅਸੀਂ

ਰਾਤ ਸਾਰੀ ਤਾਰਿਆਂ ਦੇ ਵੱਲ ਰਹਿੰਦੇ ਝਾਕਦੇ
ਰੌਸ਼ਨੀ ਦੀ ਭਾਲ਼ ਅੰਦਰ ਹੋ ਗਏ ਝੱਲੇ ਅਸੀਂ

ਝਰਨਿਆਂ, ਬਾਗ਼ਾਂ ਤੇ ਖੇਤਾਂ ਵੱਲ ਸਨ ਜਾਂਦੇ ਬੜੇ
ਫੇਰ ਵੀ ਖਬਰੇ ਕਿਉਂ ਸਿਵਿਆਂ ਦੇ ਹੀ ਰਾਹ ਮੱਲੇ ਅਸੀਂ

ਤਾਂ ਹੀ ਸ਼ਾਇਦ ਹੈ ਸਲੀਕਾ, ਸੁਰ ਵੀ ਹੈ ਤੇ ਹੈ ਮਿਠਾਸ
ਬੰਸਰੀ ਵਾਂਗਰ ਗਏ ਕਿੰਨੀ ਦਫ਼ਾ ਸੱਲ੍ਹੇ ਅਸੀਂ



Saave Aks.indd 49 18/07/2017 18:26:37

❍

ਤਿੜਕਦੇ ਖ਼ਾਬਾਂ ਦੇ ਸੰਗ ਹੁਣ ਦੋਸਤੀ ਹੁੰਦੀ ਨਹੀਂ
ਹੋਰ ਅਪਣੀ ਜ਼ਿੰਦਗੀ ਸੰਗ ਦਿਲਲਗੀ ਹੁੰਦੀ ਨਹੀਂ

ਕਿੰਜ ਕਰ ਸਕਦਾ ਹਾਂ ਦੱਸੋ ਦੁਸ਼ਮਣੀ ਯਾਰਾਂ ਦੇ ਨਾਲ਼
ਜਦ ਮੇਰੇ ਤੋਂ ਦੁਸ਼ਮਣਾਂ ਸੰਗ ਦੁਸ਼ਮਣੀ ਹੁੰਦੀ ਨਹੀਂ

ਦੂਰ ਹੀ ਰੱਖੋ ਮੇਰੇ ਤੋਂ ਜਾਮ ਤੇ ਸ਼ੀਸ਼ਾ ਅਜੇ
ਕੌਣ ਕਹਿੰਦਾ ਹੈ ਇਨ੍ਹਾਂ ਬਿਨ ਸ਼ਾਇਰੀ ਹੁੰਦੀ ਨਹੀਂ

ਸੌ ਪਰਾਏ ਸੂਰਜਾਂ ਨੂੰ ਰਸਤਿਆਂ 'ਤੇ ਧਰ ਲਵੋ
ਖ਼ੁਦ ਨੂੰ ਹੀ ਬਾਲ਼ੇ ਬਿਨਾਂ ਪਰ ਰੌਸ਼ਨੀ ਹੁੰਦੀ ਨਹੀਂ

ਕੋਈ ਪਲ ਪਲਕਾਂ ਦੀ ਛਾਂਵੇਂ ਬੈਠ ਕੇ ਸੁਸਤਾ ਲਵਾਂ
ਉਂਜ ਤਾਂ ਮੰਜ਼ਲ ਕੋਈ ਵੀ ਆਖ਼ਰੀ ਹੁੰਦੀ ਨਹੀਂ

ਦੇਖ ਕੇ ਦਮ ਤੋੜਦੀ ਗਲ਼ੀਆਂ ਦੇ ਵਿੱਚ ਇਨਸਾਨੀਅਤ
ਜੀਅ ਰਹੇ ਹੁੰਦੇ ਹਾਂ ਜੋ, ਉਹ ਜ਼ਿੰਦਗੀ ਹੁੰਦੀ ਨਹੀਂ



Saave Aks.indd 50 18/07/2017 18:26:37

○

ਸਭ ਮਹਿਲ ਉਮੀਦਾਂ ਦੇ, ਢੂੰਢਣ ਆਧਾਰ ਨਵੇਂ
ਅਜ਼ਲਾਂ ਦੇ ਤੁਰਿਆਂ ਨੂੰ, ਰਸਤੇ ਦਰਕਾਰ ਨਵੇਂ

ਭੇਜੇ ਸਨ ਬਾਗ਼ਾਂ ਨੂੰ, ਜੋ ਮਹਿਕਾਂ ਲੈਣ ਲਈ
ਕੁਝ ਨਾਅਰੇ ਲੈ ਆਏ, ਤੇ ਕੁਝ ਹਥਿਆਰ ਨਵੇਂ

ਨਿੱਤ ਗਿਣਤੀ ਭੁੱਲਦਾ ਹਾਂ, ਮੈਂ ਤਾਰੇ ਗਿਣ-ਗਿਣ ਕੇ
ਪਹਿਲਾਂ ਦੇ ਡੁੱਬਦੇ ਨਾ, ਚੜ੍ਹਦੇ ਦੋ-ਚਾਰ ਨਵੇਂ

ਟੁੱਟਦੀ ਹੈ ਕਲਮ ਕਿਤੇ, ਜਾਂ ਵਰਕੇ ਫਟਦੇ ਨੇ
ਨਿਸਦਿਨ ਹੀ ਕਵਿਤਾ 'ਤੇ ਪੈਂਦੇ ਨੇ ਭਾਰ ਨਵੇਂ

ਕੁਝ ਮੋਏ-ਮੁੱਕਰੇ ਪਲ, ਕਬਰਾਂ ਵਿੱਚ ਉੱਤਰੇ ਪਲ
ਰਾਹਾਂ ਵਿਚ ਮਿਲਦੇ ਨੇ, ਬਣਕੇ ਹਰ ਵਾਰ ਨਵੇਂ

ਹੁਣ ਅਗਨੀ ਬੈਠੇਗੀ, ਫੁੱਲਾਂ ਦੀ ਰਾਖੀ ਨੂੰ
ਏਦਾਂ ਕੁਝ ਲਗਦੇ ਨੇ, ਬਣਦੇ ਆਸਾਰ ਨਵੇਂ



Saave Aks.indd 51 18/07/2017 18:26:37

❍

ਖ਼ਾਬਾਂ ਦੇ ਵਿਚ ਨਿੱਤ ਹੀ ਆਵੇ ਮੋਇਆ ਜੁਗਨੂੰ ਕੋਈ
ਜਿਸ ਦਿਨ ਤੋਂ ਰੁੱਤਾਂ ਨੇ ਕੀਤੀ ਸੂਰਜ ਦੀ ਬਦਖੋਈ

ਕਾਲਖ ਲੰਘ ਨੇ ਆਈਆਂ ਕਿਰਨਾਂ ਫੁੱਟ-ਫੁੱਟ ਕੇ ਰੋ ਪਈਆਂ
ਜਦ ਪੁੱਛਿਆ ਮੈਂ ਨਾਲ਼ ਤੁਹਾਡੇ ਕੀ ਬੀਤੀ- ਕੀ ਹੋਈ ?

ਜਦ ਵੀ ਛੂਹਾਂ, ਜਦ ਵੀ ਖੋਲ੍ਹਾਂ, ਲਪਟਾਂ ਬਣ-ਬਣ ਆਵੇ
ਉਮਰਾਂ ਦੀ ਗੱਠੜੀ ਦੇ ਵਿੱਚੋਂ ਯਾਦਾਂ ਦੀ ਖ਼ੁਸ਼ਬੋਈ

ਉਸ ਦੇ ਅਫ਼ਸਾਨੇ ਵਿਚ ਮੇਰਾ ਨਾਮ ਜਦੋਂ ਵੀ ਆਇਆ
ਹਰ ਵਾਰੀ ਉਸ ਪੱਲਾ ਕਰ ਨੈਣਾਂ ਦੀ ਨਮੀ ਲੁਕੋਈ

ਮੂੰਹੋਂ ਜਦ ਕੁਝ ਬੋਲ ਨਾ ਹੋਇਆ, ਬੁੱਲ੍ਹ ਗਏ ਜਦ ਸੀਤੇ
ਬਿਹਬਲ ਰੂਹ ਫਿਰ ਕਤਰੇ ਬਣ ਕੇ ਅੱਖੀਆਂ ਥਾਣੀਂ ਚੋਈ

ਹੁਣ ਜਦ ਮੇਰਾ ਖ਼ਤ ਕੋਈ ਲਭਦਾ ਉਸਨੂੰ ਏਦਾਂ ਜਾਪੇ
ਕੋਈ ਪੁਸਤਕ ਫੋਲਦਿਆਂ ਜਿਉਂ ਨਿਕਲ਼ੇ ਤਿਤਲੀ ਮੋਈ



Saave Aks.indd 52 18/07/2017 18:26:37

❍

ਦੁਪਹਿਰੇ ਕਿਸ ਨੇ ਇਹ ਪੈਗ਼ਾਮ ਲਿਖਿਆ
ਮੇਰੇ ਦਰਵਾਜ਼ਿਆਂ 'ਤੇ ਸ਼ਾਮ ਲਿਖਿਆ

ਹਵਾ ਨੇ ਫੁੱਲ ਦੇ ਪਿੰਡੇ 'ਤੇ ਅੱਜ ਵੀ
ਸੁਗੰਧਾਂ ਖੋਣ ਦਾ ਇਲਜ਼ਾਮ ਲਿਖਿਆ

ਸਹਾਰੇ ਉਸਦੇ ਮੈਂ ਬਦਨਾਮੀਆਂ ਨੂੰ
ਵਫ਼ਾ ਦਾ ਹੀ ਕੋਈ ਈਨਾਮ ਲਿਖਿਆ

ਮੈਂ ਇੱਕ ਜ਼ਾਲਮ ਦੇ ਹੱਥ ਵਿਚ ਕਲਮ ਦਿੱਤੀ
ਤੇ ਉਸਨੇ ਸ਼ਬਦ ਬੱਸ 'ਕੁਹਰਾਮ' ਲਿਖਿਆ

ਅਜੇ ਮੈਂ ਛਾਣਦਾ ਫਿਰਦਾ ਹਾਂ ਗਲ਼ੀਆਂ
ਪਤਾ ਹੀ ਓਸਨੇ ਬੇਨਾਮ ਲਿਖਿਆ

ਉਡੀਕਾਂ ਦੇ ਮੈਂ ਸਭ ਪਲ-ਛਿਣ ਲਿਖੇ ਸਨ
ਤੇ ਉਹ ਸਮਝੇ ਮੈਂ ਅਪਣਾ ਦਾਮ ਲਿਖਿਆ

ਨਗਰ ਦੀਆਂ ਸਾਰੀਆਂ ਕੰਧੋਲ਼ੀਆਂ 'ਤੇ
ਕਿਸੇ ਭੁੱਖੀ ਕਜ਼ਾ ਦਾ ਨਾਮ ਲਿਖਿਆ



Saave Aks.indd 53 18/07/2017 18:26:37

❍

ਜਿਵੇਂ ਖੜ੍ਹਾ ਕਿਤੇ ਗੱਡੀ ਉਡੀਕਦਾ ਕੋਈ
ਮੇਰੀ ਉਡੀਕ ਨੂੰ ਏਨਾ ਕੁ ਵੇਖਦਾ ਕੋਈ

ਹਰੇਕ ਉੱਗਦਾ ਬੂਟਾ ਜਲਾ ਰਿਹਾ ਕੋਈ
ਤੇ ਮੈਨੂੰ ਬੀਜ ਨੂੰ ਉੱਗਣ ਤੋਂ ਰੋਕਦਾ ਕੋਈ

ਚਲੋ ਚੁਰੱਸਤਿਆਂ 'ਚ ਜਾ ਖੜ੍ਹੋ ਤੁਸੀਂ ਵੀ ਹੁਣ
ਉਦਾਸ ਘਰ ਦੀਆਂ ਕੰਧਾਂ ਨੂੰ ਕਹਿ ਗਿਆ ਕੋਈ

ਘਰਾਂ ਦੇ ਹਰ ਸਿਰੇ 'ਤੇ ਔਕੜਾਂ ਦੀ ਭੀੜ ਖੜ੍ਹੀ
ਤੇ ਏਸ ਭੀੜ ਦਾ ਨਹੀਂ ਕਿਤੇ ਸਿਰਾ ਕੋਈ

ਉਦਾਸੀਆਂ ਦੇ ਨਾਲ਼ ਭਰ ਕੇ ਮਨ ਦੀ ਚਾਦਰ ਨੂੰ
ਉਦਾਸ ਝੀਲ ਦੇ ਸੀਨੇ 'ਚ ਲਹਿ ਗਿਆ ਕੋਈ

ਕੋਈ ਨਾ ਜਾਣ ਜਾਵੇ ਰਾਜ਼ ਉਸਦੇ ਅੰਦਰ ਦਾ
ਹਰੇਕ ਚੀਖ ਨੂੰ ਸੀਨੇ 'ਚ ਸਾਂਭਦਾ ਕੋਈ

ਜੋ ਟਿਕ ਕੇ ਪਲ ਵੀ ਨਹੀਂ ਦੀਵਿਆਂ 'ਚ ਬਹਿ ਸਕਦੀ
ਨਹੀਂ ਕਿਸੇ ਨੂੰ ਐਸੀ ਅੱਗ ਦਾ ਆਸਰਾ ਕੋਈ



Saave Aks.indd 54 18/07/2017 18:26:37

❍

ਹਰ ਕਦਮ ਤੁਰਦੇ ਰਹੇ ਧੁਖਦੇ ਪਲਾਂ ਦੇ ਨਾਲ਼-ਨਾਲ਼
ਖ਼ੁਦ ਵੀ ਤਾਂ ਟੁੱਟਦੇ ਰਹੇ ਹਾਂ ਵਾਅਦਿਆਂ ਦੇ ਨਾਲ਼-ਨਾਲ਼

ਆਪਣੇ ਘਰ ਵਿੱਚ ਉਨ੍ਹਾਂ ਜੀ ਆਇਆਂ ਮੈਨੂੰ ਇਉਂ ਕਿਹਾ
ਬੀਜੀਆਂ ਧੁਰ ਤੀਕ ਸ਼ੋਹਰਾਂ ਰਸਤਿਆਂ ਦੇ ਨਾਲ਼-ਨਾਲ਼

ਮੈਂ ਜਦੋਂ ਤੋਂ ਆਪਣੇ ਆਪੇ ਦੇ ਨੇੜੇ ਹੋ ਗਿਆ
ਮਿਟ ਗਏ ਸਾਰੇ ਵਿਗੋਚੇ, ਰੰਜਿਸ਼ਾਂ ਦੇ ਨਾਲ਼-ਨਾਲ਼

ਰਿਸ਼ਤਿਆਂ ਦੀ ਜੂਹ ’ਚ ਵਗੀਆਂ ਬਲ਼ਦੀਆਂ ਪੌਣਾਂ ਸਦਾ
ਜ਼ਿਹਨ ਵੀ ਝੁਲਸੇ ਗਏ ਨੇ ਚਿਹਰਿਆਂ ਦੇ ਨਾਲ਼-ਨਾਲ਼

ਜੇ ਸਮਾਂ ਮੁੜਿਆ ਕਦੇ ਤਾਂ ਮੰਗ ਲਾਂਗੇ ਮੁੜ ਅਸੀਂ
ਗੁੰਮ ਗਈ ਤਹਿਜ਼ੀਬ ਵੀ ਕੱਟੇ ਸਿਰਾਂ ਦੇ ਨਾਲ਼-ਨਾਲ਼

ਪੌਣ ਨੇ ਕੀਤੀ ਹੈ ਜਦ ਤੋਂ ਦੁਸ਼ਮਣੀ ਰੰਗਾਂ ਦੇ ਨਾਲ਼
ਮਰ ਗਏ ਨੇ ਸਬਜ਼ ਮੌਸਮ ਤਿਤਲੀਆਂ ਦੇ ਨਾਲ਼-ਨਾਲ਼

ਖ਼ੂਨ ਦੇ ਦਰਿਆ ਦਾ ਹਰ ਤੂਫ਼ਾਨ ਹੀ ਥਿਰ ਹੋ ਗਿਆ
ਚੁੱਪ ਨੇ ਮਕਤੂਲ ਵੀ ਹੁਣ ਕਾਤਲਾਂ ਦੇ ਨਾਲ਼-ਨਾਲ਼



Saave Aks.indd 55
18/07/2017 18:26:37

ੇ

ਮੇਰੇ ਬੋਲ ਦੇ ਵਿੱਚ ਅਰਜ਼ ਸੀ
ਤੇਰੀ ਤੱਕਣੀ ਵਿੱਚ ਵੀ ਹਿਸਾਬ ਸੀ
ਮੇਰਾ ਪਹਿਲਾ ਹੀ ਇਹ ਸਵਾਲ ਸੀ
ਤੇਰਾ ਆਖ਼ਰੀ ਇਹ ਜਵਾਬ ਸੀ

ਇਹ ਜੋ ਪੌਣ ਤੋਂ ਹੈ ਕਤਰਾ ਗਿਆ
ਇਹ ਜੋ ਮਹਿਕ ਤੋਂ ਹੈ ਘਬਰਾ ਗਿਆ
ਇਹ ਜੋ ਮੇਜ਼ 'ਤੇ ਹੈ ਪਥਰਾ ਗਿਆ
ਕੁਝ ਦੇਰ ਪਹਿਲਾਂ ਗੁਲਾਬ ਸੀ

ਵਾਵਾਂ ਦੇ ਆਖੇ ਨੂੰ ਮੋੜ ਕੇ
ਅਪਣੇ ਕਿਨਾਰੇ ਵੀ ਤੋੜ ਕੇ
ਬੱਸ ਰੇਤ ਵੱਲ ਨੂੰ ਹੀ ਤੁਰ ਪਿਆ
ਮੈਂ ਜੋ ਲਰਜ਼ਦਾ ਇੱਕ ਆਬ ਸੀ

ਮੇਰੀ ਸਿਰਜਣਾ ਨੂੰ ਹੀ ਦਾਗ਼ ਕੇ
ਜਦ ਉਹ ਤੁਰ ਗਏ ਤਾਂ ਮੈਂ ਦੇਖਿਆ
ਉਹ ਜੋ ਗੀਤ ਸਨ ਉਹ ਤਾਂ ਠੀਕ ਸਨ
ਉਹ ਜੋ ਧੁਖ ਰਹੀ ਸੀ, ਕਿਤਾਬ ਸੀ

ਤੇਰੀ ਦੋ ਦਿਲੀ ਦਾ ਖ਼ਿਆਲ ਸੀ
ਤਾਂਹੀਓਂ ਤਾਂ ਮੇਰਾ ਇਹ ਹਾਲ ਸੀ
ਇੱਕ ਹੱਥ ਸੀ ਖ਼ੰਜਰ ਮੇਰੇ
ਇੱਕ ਹੱਥ ਵਿਚ ਮਿਜ਼ਰਾਬ ਸੀ



Saave Aks.indd 56 18/07/2017 18:26:37

❍

ਰੋਹੀਆਂ 'ਚ ਰੁਲ਼ਦਿਆਂ ਨੂੰ, ਭੱਖੜੇ 'ਤੇ ਤੁਰਦਿਆਂ ਨੂੰ
ਮਿਲਿਆ ਨਾ ਖੜ੍ਹ ਕੇ ਰੋਣਾ, ਅੰਦਰਲੇ ਮੁਰਦਿਆਂ ਨੂੰ

ਪੌਣਾਂ ਨਾ ਰੋਕ ਸਕੀਆਂ, ਮੌਸਮ ਨਾ ਸਾਂਭ ਸਕਿਆ
ਛਾਂਵਾਂ 'ਚ ਸੜਦਿਆਂ ਨੂੰ, ਧੁੱਪਾਂ 'ਚ ਖੁਰਦਿਆਂ ਨੂੰ

ਨਾਰਾਜ਼ ਹੋ ਜੋ ਤੁਰ ਪਏ, ਵਿੰਹਦੇ ਰਹੇ ਕਿ ਸ਼ਾਇਦ
ਆਵੇਗਾ ਮੁੜ ਬੁਲਾਵਾ, ਕੁਝ ਦੂਰ ਤੁਰਦਿਆਂ ਨੂੰ

ਸਭ ਨੇ ਹੀ ਆਪੋ-ਆਪਣੇ, ਟੁਕੜੇ ਸਮੇਟਣੇ ਸਨ
ਕਿਹੜਾ ਖਲੋ ਕੇ ਸੁਣਦਾ, ਬੁੱਤਾਂ ਨੂੰ ਭੁਰਦਿਆਂ ਨੂੰ

ਸੁੰਨਸਾਨ ਵਿਹੜਿਆਂ ਵਿਚ, ਵੀਰਾਨ ਜਿਹੇ ਘਰਾਂ ਵਿਚ
ਜੰਗਲ ਹੀ ਬੈਠਾ ਮਿਲਿਆ, ਜੰਗਲ 'ਚੋਂ ਮੁੜਦਿਆਂ ਨੂੰ



Saave Aks.indd 57 18/07/2017 18:26:37

❍

ਕਿਸੇ ਅਹਿਸਾਸ ਦਾ ਬੁੱਲਾ ਮੇਰੇ ਵਿੱਚ ਡੋਲਦਾ ਤੁਰਿਆ
ਤੇ ਮੇਰੇ ਦਿਲ ਦੀਆਂ ਗੁੰਮਨਾਮ ਪਰਤਾਂ ਫੋਲਦਾ ਤੁਰਿਆ

ਕਿਤੇ ਕਿਰਚਾਂ ’ਤੇ ਨੰਗੇ ਪੈਰ ਵੀ ਮੈਂ ਸੰਭਲ ਕੇ ਚੱਲਿਆ
ਤੇ ਕਿਧਰੇ ਮਖ਼ਮਲੀ ਰਾਹਾਂ ’ਤੇ ਵੀ ਮੈਂ ਡੋਲਦਾ ਤੁਰਿਆ

ਮੈਂ ਤੈਨੂੰ ਮਿਲਣ ਤੋਂ ਪਹਿਲਾਂ ਕੋਈ ਬੇਆਸ ਬੂਟਾ ਸੀ
ਤੇ ਮਿਲ ਕੇ ਰੂਹ ਦੀਆਂ ਕਲੀਆਂ ਨੂੰ ਹੱਥੀਂ ਖੋਲ੍ਹਦਾ ਤੁਰਿਆ

ਚਲੋ ਏਨਾ ਬਹੁਤ ਹੈ ਮੈਂ ਤੇਰੇ ਤੱਕ ਪਹੁੰਚਿਆ ਤਾਂ ਹਾਂ
ਮੈਂ ਭਾਵੇਂ ਧੜਕਦੇ ਹਰ ਪਲ ’ਚ ਤੈਨੂੰ ਟੋਲ਼ਦਾ ਤੁਰਿਆ

ਕਈ ਸਫ਼ਿਆਂ ਦੇ ਮੇਰੇ ਖ਼ਤ ਨੂੰ ਉਹ ਪੜ੍ਹਦਾ ਗਿਆ ਏਦਾਂ
ਕਿ ਹਰ ਇੱਕ ਹਰਫ਼ ਨੂੰ ਨਜ਼ਰਾਂ ਦੇ ਪੈਰੀਂ ਰੋਲ਼ਦਾ ਤੁਰਿਆ



Saave Aks.indd 58 18/07/2017 18:26:37

❍

ਤੇਰੇ ਸ਼ੀਸ਼ੇ ਨੂੰ ਪੱਥਰ ਆਖਣਾ ਸੀ
ਮੈਂ ਤੇਰਾ ਜ਼ਬਤ ਹੀ ਬਸ ਪਰਖਣਾ ਸੀ

ਅਜੇ ਆਪੇ 'ਚੋਂ ਹੋ ਕੇ ਲੰਘਣਾ ਸੀ
ਅਜੇ ਮੈਂ ਆਪ ਜੀਅ ਕੇ ਵੇਖਣਾ ਸੀ

ਬਚਾ ਸਕਦਾ ਸਾਂ ਖ਼ੁਦ ਨੂੰ ਡੁੱਬਣੇ ਤੋਂ
ਅਜੇ ਲਹਿਰਾਂ ਨੇ ਕੁਝ ਪਲ ਅਟਕਣਾ ਸੀ

ਤੇਰੇ ਤੱਕ ਇੰਜ ਹੀ ਮੈਂ ਪਹੁੰਚ ਜਾਂਦਾ
ਮੈਂ ਆਪੇ ਨੂੰ ਖਲਾਅ ਵਿੱਚ ਘੋਲਣਾ ਸੀ

ਉਹ ਬਣ ਕੇ ਰਹਿ ਗਏ ਬਿੰਦੂ ਜਿਨ੍ਹਾਂ ਨੇ
ਅਥਾਹ ਅਸਮਾਨ ਤੀਕਰ ਫੈਲਣਾ ਸੀ

ਜੇ ਨਾ ਆਉਂਦਾ ਤੂੰ ਏਨੀ ਤਾਂਘ ਕਰਕੇ
ਮੈਂ ਪਲ-ਪਲ ਕਰਕੇ ਇੰਜ ਹੀ ਬੀਤਣਾ ਸੀ

ਦਿਸ਼ਾ ਮੇਰੀ ਸਮੁੰਦਰ ਵੱਲ ਹੋਈ
ਅਜੇ ਮੈਂ ਸੜਦਿਆਂ 'ਤੇ ਬਰਸਣਾ ਸੀ



Saave Aks.indd 59 18/07/2017 18:26:37

❍

ਹਰਿਕ ਮੈਲ਼ੀ ਨਜ਼ਰ ਦੇ ਨਾਲ਼ ਕੁਝ ਕੁਝ ਤਿੜਕਦਾ ਸ਼ੀਸ਼ਾ
ਤੇ ਮੈਲ਼ੇ ਅਕਸ ਨੂੰ ਸੀਨੇ ’ਚ ਲਹਿਣੋਂ ਰੋਕਦਾ ਸ਼ੀਸ਼ਾ

ਕਿਸੇ ਦੇ ਸਾਹਮਣੇ ਆ ਜਾਣ ’ਤੇ ਹੈ ਧੜਕਦਾ ਸ਼ੀਸ਼ਾ
ਖ਼ੁਦ ਅਪਣੇ ਅਕਸ ਨੂੰ ਹੋਰਾਂ ਦੇ ਅੰਦਰ ਵੇਖਦਾ ਸ਼ੀਸ਼ਾ

ਮੇਰੀ ਰੂਹ ਦੇ ਜਦੋਂ ਸਭ ਦਾਗ਼ ਉਸ ਪਰਤੱਖ ਕਰ ਦਿੱਤੇ
ਮੈਂ ਅੱਖਾਂ ਮੀਟ ਕੇ ਰੋਇਆ ਕਿ ਪਾਗਲ ਹੋ ਗਿਆ ਸ਼ੀਸ਼ਾ

ਕਿਸੇ ਚਿਹਰੇ ’ਤੇ ਚਿੰਤਾ ਹੈ, ਕਿਸੇ ’ਤੇ ਖੌਫ਼ ਦਾ ਸਾਇਆ
ਅਨੇਕਾਂ ਹਾਦਸੇ ਨਿੱਤ ਅਪਣੇ ਅੰਦਰ ਸਾਂਭਦਾ ਸ਼ੀਸ਼ਾ

ਅਨੇਕਾਂ ਹਾਦਸੇ ਟੰਗੇ ਨੇ ਉਸਦੇ ਨਾਲ਼ ਕੰਧ ਉੱਤੇ
ਹਰਿਕ ਚਿਹਰੇ ਨੂੰ ਚੁੱਪ-ਚੁੱਪ ਘੂਰਦਾ ਪੱਥਰ ਜਿਹਾ ਸ਼ੀਸ਼ਾ

ਕਿਸੇ ਨੂੰ ਨੀਝ ਲਾਏ ਤੋਂ ਵੀ ਅਪਣਾ ਅਕਸ ਨਾ ਦਿਸਿਆ
ਤਾਂ ਉਸਨੇ ਸੋਚਿਆ ਏਹੋ ਕਿ ਸ਼ਾਇਦ ਮਰ ਗਿਆ ਸ਼ੀਸ਼ਾ

ਨਾ ਇਉਂ ਸਾਕਾਰ ਕਰ ਸੈਆਂ ਕੁ ਟੁਕੜੇ ਮੇਰੇ ਅੰਦਰ ਦੇ
ਮੇਰੇ ਸਾਹਵੇਂ ਨਾ ਆ ਹੱਥਾਂ ’ਚ ਲੈ ਕੇ ਤਿੜਕਿਆ ਸ਼ੀਸ਼ਾ



Saave Aks.indd 60 18/07/2017 18:26:38

❍

ਤੇਰੇ ਖ਼ਿਆਲ ਦਾ ਜੁਗਨੂੰ ਜੇ ਰਾਹ ਨਾ ਰੁਸ਼ਨਾਵੇ
ਤਾਂ ਅਪਣੇ ਤੀਕ ਦਾ ਪੈਂਡਾ ਨਾ ਮੈਨੂੰ ਰਾਸ ਆਵੇ

ਨਹੀਂ ਇਹ ਲਾਜ਼ਮੀ ਸੰਗੀਤ ਨਾ ਹੋਵੇ ਉਸ ਵਿੱਚ
ਜੋ ਬਾਲ ਰੋਜ਼ ਹੀ ਲੋਰੀ ਦੇ ਬਾਝ ਸੌਂ ਜਾਵੇ

ਹੁਣ ਉਸਦੇ ਵਰ੍ਹਨ ਦਾ ਏਹੋ ਸਬੱਬ ਹੀ ਹੋ ਸਕਦੈ
ਕਿ ਖ਼ੁਦ ਹੀ ਪੌਣ 'ਚ ਜਾ ਕੇ ਪਹਾੜ ਟਕਰਾਵੇ

ਹੁਣੇ ਹੀ ਚਹਿਕੀਆਂ ਚਿੜੀਆਂ ਤੇ ਪੌਣ ਰੁਮਕੀ ਹੈ
ਤੂੰ ਅਪਣੀ ਸ਼ਾਖ ਨੂੰ ਕਹਿ ਦੇ ਅਜੇ ਨਾ ਕੁਮਲ਼ਾਵੇ

ਘਰਾਂ ਦੇ ਵਿੱਚ ਵੀ ਕਬਰਾਂ ਦੇ ਅੰਸ਼ ਦਿਸਦੇ ਨੇ
ਮਨਾਂ ਦੇ ਵਿੱਚ ਵੀ ਫੁੱਟਦੇ ਨੇ ਖੌਲ਼ਦੇ ਲਾਵੇ

ਮਰੀ ਬਹਾਰ ਦੀ ਗਾਥਾ ਤਾਂ ਬਿਰਖ ਆਖਣਗੇ
ਫਜ਼ੂਲ ਭੀੜ ਨਾ ਬਹਿ-ਬਹਿ ਕੇ ਮਰਸੀਏ ਗਾਵੇ

ਹਮੇਸ਼ ਰੱਖਣਾ ਮਨ ਵਿਚ ਖ਼ਿਆਲ ਪਰਤਣ ਦਾ
ਘਰਾਂ ਤੋਂ ਜਾਂਦੀਆਂ ਪੈੜਾਂ ਨੂੰ ਕੌਣ ਸਮਝਾਵੇ



Saave Aks.indd 61 18/07/2017 18:26:38

❍

ਇਰਾਦਾ ਵੇਖ ਕੇ ਟੁੱਟਣ ਤੋਂ ਡਰ ਗਿਆ ਪੱਥਰ
ਸੁਲ੍ਹਾ ਦੇ ਵਾਸਤੇ ਸ਼ੀਸ਼ੇ ਦੇ ਘਰ ਗਿਆ ਪੱਥਰ

ਮੈਂ ਤੇਰੇ ਕਦਮਾਂ 'ਚ ਓਨੇ ਹੀ ਫੁੱਲ ਰੱਖ ਚੱਲਿਆਂ
ਸਿਰ੍ਹਾਣੇ ਤੂੰ ਮੇਰੇ ਜਿੰਨੇ ਸੀ ਧਰ ਗਿਆ ਪੱਥਰ

ਕਰੋ ਨਾ ਫੁੱਲ ਦੀ ਚਰਚਾ- ਜਿਵੇਂ ਕਿਹਾ ਉਸਨੇ
ਸਿਰਾਂ ਦੇ ਕੋਲ਼ ਦੀ ਏਦਾਂ ਗੁਜ਼ਰ ਗਿਆ ਪੱਥਰ

ਥਲਾਂ ਦੀ ਪਿਆਸ ਨੇ ਇਸ ਕਦਰ ਉਸਨੂੰ ਪਿਘਲਾਇਆ
ਪਲਾਂ 'ਚ ਰੇਤ ਦੀ ਛਾਤੀ 'ਤੇ ਵਰ੍ਹ ਗਿਆ ਪੱਥਰ

ਖਰੇ ਕੀ ਸੋਚਿਆ ਉਸਨੇ, ਤੇ ਤੈਰਨਾ ਛੱਡ ਕੇ
ਨਿਰਾਸ਼ ਝੀਲ ਦੇ ਤਲ 'ਤੇ ਉਤਰ ਗਿਆ ਪੱਥਰ

ਮੈਂ ਉਸਤੋਂ ਮਹਿਕਦੀ ਰੁੱਤ ਦਾ ਹਿਸਾਬ ਮੰਗ ਬੈਠਾ
ਉਹ ਮਲਕੜੇ ਮੇਰੀ ਝੋਲ਼ੀ 'ਚ ਭਰ ਗਿਆ ਪੱਥਰ

ਮੇਰਾ ਸਵਾਲ ਕਿ ਪੱਥਰ ਨੂੰ ਪਾਣੀ ਕਰ ਦੇਂਦਾ
ਤੇਰਾ ਜਵਾਬ ਕਿ ਪਾਣੀ ਨੂੰ ਕਰ ਗਿਆ ਪੱਥਰ



Saave Aks.indd 62 18/07/2017 18:26:38

❍

ਲੰਘੀਆਂ ਨੇ ਫਿਰ ਬਹਾਰਾਂ
ਫੁੱਲਾਂ 'ਤੇ ਪੈਰ ਧਰ ਕੇ
ਮੁਸਕਾ ਰਹੀ ਹੈ ਧੜਕਣ
ਸਾਹਾਂ 'ਤੇ ਪੈਰ ਧਰਕੇ

ਗੀਤਾਂ ਦੇ ਵਾਰਸਾਂ ਨੂੰ
ਸੁਣਨਾ ਮੁਹਾਲ ਹੋਇਆ
ਨਗ਼ਮੇ ਜੋ ਗਾ ਰਹੇ ਨੇ
ਰਾਗਾਂ 'ਤੇ ਪੈਰ ਧਰ ਕੇ

ਮੌਸਮ ਤੇ ਤਾਂਘ ਦਿਲ ਦੀ
ਧੁਰ ਤੀਕ ਲੈ ਹੀ ਆਏ
ਚੰਗਾ ਹੀ ਰਹਿ ਗਿਆ ਮੈਂ
ਰਾਹਾਂ 'ਤੇ ਪੈਰ ਧਰ ਕੇ

ਬੱਸ ਤੇਰੇ ਸ਼ਹਿਰ ਅੰਦਰ
ਤੱਕਿਆ ਹੈ ਇਹ ਨਜ਼ਾਰਾ
ਧੁੱਪਾਂ ਖਲੋਤੀਆਂ ਨੇ
ਛਾਂਵਾਂ 'ਤੇ ਪੈਰ ਧਰਕੇ



Saave Aks.indd 63 18/07/2017 18:26:38

❍

ਘਟਾਵਾਂ 'ਚ ਪੱਥਰ ਹਵਾਵਾਂ 'ਚ ਸ਼ੋਰ
ਮੇਰੇ ਸ਼ਹਿਰ ਦੇ ਸਾਰੇ ਕਿੱਸੇ ਨੇ ਹੋਰ

ਜੋ ਅੰਬਰ ਨੂੰ ਨਿਸਦਿਨ ਹੀ ਰਹੀਆਂ ਨੇ ਖੋਰ
ਕਿਹਦੇ ਹੱਥ ਹੈ ਇਹਨਾਂ ਪਤੰਗਾਂ ਦੀ ਡੋਰ

ਨਿਗਾਹਾਂ 'ਚ ਰੱਖੀਏ ਹਨੇਰਾ ਜੇ ਘੋਰ
ਤਾਂ ਮੂੰਹ ਦੀ ਗਰਾਹੀ ਵੀ ਲੈ ਜਾਂਦੇ ਚੋਰ

ਜੋ ਛਣ-ਛਣ ਸੁਣਾਉਂਦੇ ਨੇ ਝਾਂਜਰ ਦੇ ਬੋਰ
ਇਹਦੇ ਹੇਠ ਹੌਕੇ ਤੇ ਹਾਵਾਂ ਦਾ ਸ਼ੋਰ

ਇਹ ਰਹੀਆਂ ਨੇ ਘਰ ਦੇ ਬਨੇਰੇ ਵੀ ਖੋਰ
ਬੜੀ ਮੀਸਣੀ ਹੈ ਹਵਾਵਾਂ ਦੀ ਤੋਰ

ਇਹ ਮੰਜ਼ੂਰ ਹੋਏ ਨੇ ਰੰਗਾਂ ਦੇ ਜ਼ੋਰ
ਨਹੀਂ ਪੈਲ ਪਾਉਂਦੇ ਇਹ ਪੱਥਰ ਦੇ ਮੋਰ



Saave Aks.indd 64 18/07/2017 18:26:38

❍

ਮੈਂ ਪਰਵਾਜ਼ ਪਰਾਂ ਨੂੰ, ਤੇ ਬੇਪਰਿਆਂ ਨੂੰ ਪਰ ਦੇਵਾਂ
ਏਸ ਬਹਾਨੇ ਅਪਣੇ ਆਪ ਨੂੰ ਖੁੱਲ੍ਹਾ ਅੰਬਰ ਦੇਵਾਂ

ਸੁੰਨ ਮਸੁੰਨੀ ਰਾਤ ਦੀ ਸੁੰਨੀ ਮਾਂਗ ਜ਼ਰਾ ਭਰ ਦੇਵਾਂ
ਮੱਸਿਆ ਵਰਗੇ ਸਫ਼ਿਆਂ ਨੂੰ ਕੁਝ ਸੂਹੇ ਅੱਖਰ ਦੇਵਾਂ

ਹਰ ਥਾਂ ਧੂੰਆਂ, ਧੁੰਦ, ਧੁਆਂਖੀ ਧਰਤੀ, ਧੁਖਦੇ ਰਸਤੇ
ਕਿਸ ਥਾਂ ਜਾ ਕੇ ਅੱਖਾਂ ਨੂੰ ਇਕ ਸਾਵਾ ਮੰਜ਼ਰ ਦੇਵਾਂ

ਮੇਰੇ ਜੁੱਸੇ ਦੇ ਵਿਚ ਜੰਮੀ ਬਰਫ਼ ਜ਼ਰਾ ਤਾਂ ਪਿਘਲੇ
ਅਪਣੀ ਤਲ਼ੀ ਨੂੰ ਤੇਰੇ ਤਪਦੇ ਮੱਥੇ ’ਤੇ ਧਰ ਦੇਵਾਂ

ਖ਼ੁਦ ਨੂੰ ਮਿਲਣ ਤੋਂ ਪਹਿਲਾਂ ਮੇਰਾ ਤੈਨੂੰ ਮਿਲਣਾ ਔਖਾ
ਤੇਰੀਆਂ ਸਾਬਤ ਰੀਝਾਂ ਨੂੰ ਕਿੰਜ ਟੁੱਟੀ ਝਾਂਜਰ ਦੇਵਾਂ

ਮੈਨੂੰ ਹੀ ਪੈਣੇ ਨੇ ਕੱਲ੍ਹ ਨੂੰ ਰੁੱਤਾਂ ਦੇ ਫੁੱਲ ਚੁਗਣੇ
ਅੱਜ ਹੀ ਅਪਣੀ ਹਿੰਮਤ ਨੂੰ ਮੈਂ ਚਿੱਟੇ ਵਸਤਰ ਦੇਵਾਂ



Saave Aks.indd 65 18/07/2017 18:26:38

❍

ਕਿਵੇਂ ਕਲੀਆਂ ਨੂੰ ਪਾਉਂਦਾ ਵਾਸਤਾ ਮੈਂ ਮੂੰਹ ਵਿਖਾਵਣ ਦਾ
ਮੇਰੇ ਸਿਰ ਦੋਸ਼ ਆਇਆ ਹੈ ਸੁਗੰਧਾਂ ਨੂੰ ਉਧਾਲਣ ਦਾ

ਮੇਰੇ ਜ਼ਖਮਾਂ ’ਤੇ ਧਰਦੇ ਨੇ ਸਦਾ ਉਹ ਤੀਰ ਜਾਂ ਖ਼ੰਜਰ
ਉਨ੍ਹਾਂ ਨੂੰ ਭਾ ਗਿਆ ਲਗਦੈ ਮੇਰਾ ਅੰਦਾਜ਼ ਤੜਫਣ ਦਾ

ਸਵਾਲਾਂ ਨੂੰ ਜਵਾਬਾਂ ਤੀਕ ਉਹ ਪੁੱਜਣ ਨਹੀਂ ਦਿੰਦੇ
ਕਿਵੇਂ ਸ਼ਬਦਾਂ ਨੂੰ ਵੱਲ ਆਏਗਾ ਅਰਥਾਂ ਤੀਕ ਪੁੱਜਣ ਦਾ

ਤੁਹਾਨੂੰ ਫੁੱਲ ਪੱਤੇ ਦੇਣ ਦਾ ਵਾਅਦਾ ਨਹੀਂ ਕੋਈ
ਅਜੇ ਕੀ ਮੌਲਣਾ-ਫਲਣਾ ਅਜੇ ਮਸਲਾ ਹੈ ਉੱਗਣ ਦਾ

ਚਿੰਗਾਰੀ ਮਿਲ ਹੀ ਜਾਣੀ ਸੀ ਯਕੀਨਨ ਅਣਬੁਝੀ ਕੋਈ
ਸਮਾ ਮੈਨੂੰ ਹੀ ਮਿਲ ਸਕਿਆ ਨਾ ਅਪਣੀ ਰਾਖ ਫੋਲਣ ਦਾ



Saave Aks.indd 66 18/07/2017 18:26:38

❍

ਬਿਗਾਨੇ ਰਸਤਿਆਂ ਦੇ ਨਾਮ ਦੀ ਅਰਦਾਸ ਹੋ ਕੇ
ਘਰੋਂ ਤੁਰੀਆਂ ਨੇ ਪੈੜਾਂ ਆਪਣਾ ਚਿਹਰਾ ਲੁਕੋ ਕੇ

ਸਮੇਂ ਦੀ ਹਿੱਕ ਹੀ ਵਿੰਨ੍ਹ ਕੇ ਧਰੀ ਸ਼ੋ ਕੇਸ ਅੰਦਰ
ਉਨ੍ਹਾਂ ਰੱਖੀ ਹੈ ਤਿੱਖੀ ਸੂਲ਼ ਵਿੱਚ ਤਿਤਲੀ ਪਰੋ ਕੇ

ਅਜੇ ਕੱਲ੍ਹ ਹੀ ਤਾਂ ਉਸਨੇ ਆਖਿਆ ਮੈਨੂੰ ਬੇਗਾਨਾ
ਤੇ ਮੈਂ ਉਸ ਜੂਹ ਦੇ ਵਿਚ ਵੜਦਾ ਹਾਂ ਅਪਣੇ ਪੈਰ ਧੋ ਕੇ

ਵਫ਼ਾ ਤੇਰੀ 'ਚ ਕਿੰਨਾ ਜੋਸ਼ ਹੈ ਵੇਖਾਂਗੇ ਇਕ ਦਿਨ
ਚੁਫੇਰੇ ਤੇਜ਼ ਤਲਵਾਰਾਂ 'ਚ ਨੰਗੇ ਧੜ ਖਲੋ ਕੇ

ਉਡੀਕਣ ਦਾ ਕਿਸੇ ਨੂੰ ਇਹ ਵੀ ਇਕ ਅੰਦਾਜ਼ ਹੁੰਦੈ
ਜੇ ਪਾਈਏ ਔਂਸੀਆਂ ਤਾਂ ਖ਼ੂਨ ਵਿੱਚ ਉਂਗਲੀ ਡੁਬੋ ਕੇ



Saave Aks.indd 67 18/07/2017 18:26:38

○

ਮੁਸਕੁਰਾਹਟ ਪਹਿਨ ਲਈਏ, ਰਾਹਤਾਂ ਦਾ ਕੀ ਪਤਾ
ਹੋਰ ਹੁਣ ਕਿੰਨਾ ਰੁਆਵਣ, ਹਾਸਿਆਂ ਦਾ ਕੀ ਪਤਾ

ਘਰ 'ਚ ਕਿੱਥੇ ਹੋਣ ਲੱਗਣ, ਸਾਜ਼ਿਸ਼ਾਂ ਦਾ ਕੀ ਪਤਾ
ਸਾਜ਼ਿਸ਼ਾਂ ਵਿਚ ਹੋਣ ਸ਼ਾਮਿਲ, ਪਰਦਿਆਂ ਦਾ ਕੀ ਪਤਾ

ਦੋਸਤਾਂ ਦਾ ਕੀ ਪਤਾ ਤੇ ਦੁਸ਼ਮਣਾਂ ਦਾ ਕੀ ਪਤਾ
ਵਾਅਦਿਆਂ ਦਾ ਕੀ ਪਤਾ ਤੇ ਦਾਅਵਿਆਂ ਦਾ ਕੀ ਪਤਾ

ਹੀਰਿਆਂ ਦੇ ਭੇਸ ਅੰਦਰ ਬੰਟਿਆਂ ਦਾ ਕੀ ਪਤਾ
ਲੁੱਟ ਕੇ ਲੈ ਜਾਣ ਨਾ ਸੌਦਾਗਰਾਂ ਦਾ ਕੀ ਪਤਾ

ਓਪਰਾ ਕਹਿ ਦੇਣ ਕਦ, ਅੱਜ ਕੱਲ੍ਹ ਘਰਾਂ ਦਾ ਕੀ ਪਤਾ
ਮੁੜਦਿਆਂ ਖੁੱਲ੍ਹਣ ਕਿ ਨਾ, ਦਰਵਾਜ਼ਿਆਂ ਦਾ ਕੀ ਪਤਾ

ਜ਼ਿਹਨ ਚੋਂ ਗੁੰਮ ਜਾਣ ਨਾ, ਸਿਰਨਾਵਿਆਂ ਦਾ ਕੀ ਪਤਾ
ਕਿਸ ਦਿਸ਼ਾ ਨੂੰ ਜਾਣ ਲੈ ਕੇ, ਰਸਤਿਆਂ ਦਾ ਕੀ ਪਤਾ



Saave Aks.indd 68 18/07/2017 18:26:38

❍

ਮੇਰਾ ਮਨ ਹੁਣ ਬੇ ਆਬਾਦ ਸਰਾਂ ਲਗਦਾ ਹੈ
ਇਸ ਕਾਰੇ ਵਿੱਚ ਤੇਰਾ ਹੀ ਤਾਂ ਨਾਂ ਲਗਦਾ ਹੈ

ਤੂੰ ਸੱਚ ਜਾਣੀਂ-ਕਾਲ਼ਾ ਨਹੀਂ ਹੈ ਮੇਰਾ ਅੰਦਰ
ਤੇਰੇ ਮਨ ਵਿੱਚ ਚੋਰ ਹੈ, ਤੈਨੂੰ ਤਾਂ ਲਗਦਾ ਹੈ

ਮੈਂ ਜਾਗਾਂ ਤਾਂ ਮੇਰੇ ਸੰਗ-ਸੰਗ ਸਾਰੇ ਜਾਗਣ
ਉਸ ਪਲ ਮੈਨੂੰ ਹਰ ਇੱਕ ਤਾਰਾ ਮਾਂ ਲਗਦਾ ਹੈ

ਪੀੜਾਂ-ਦੁੱਖ ਵੇਖਾਂ ਤਾਂ ਆਪਣਾ ਅੰਗ-ਅੰਗ ਮੈਨੂੰ
ਇਹਨਾਂ ਦੇ ਖੇਡਣ-ਮੱਲ੍ਹਣ ਦੀ ਥਾਂ ਲੱਗਦਾ ਹੈ

ਸਬਰ ਦਾ ਪੱਕਾ ਘੜਾ ਨਾ ਹੋਵੇ ਜਿਸਦੇ ਕੋਲ਼ੇ
ਉਸ ਬੰਦੇ ਨੂੰ ਅੱਖ ਦਾ ਨੀਰ ਝਨਾਂ ਲਗਦਾ ਹੈ



Saave Aks.indd 69 18/07/2017 18:26:38

❍

ਖਰੇ ਮੈਂ ਉਸਨੂੰ ਜਾਂ ਉਹ ਮੈਨੂੰ ਭੁੱਲਿਆ
ਮੇਰੀ ਦਸਤਕ 'ਤੇ ਵੀ ਬੂਹਾ ਨਾ ਖੁੱਲ੍ਹਿਆ

ਉਹ ਉੱਡਿਆ ਜੁਗਨੂੰਆਂ ਦੀ ਡਾਰ ਬਣਕੇ
ਮੇਰੇ ਹੱਥੋਂ ਜੋ ਲੱਪ ਚਾਨਣ ਸੀ ਡੁੱਲ੍ਹਿਆ

ਮੈਂ ਅਪਣੇ ਆਪ ਤੋਂ ਮੁਨਕਰ ਨਾ ਹੋਇਆ
ਤਦੇ ਹੀ ਦੋਸਤਾ ਤੈਨੂੰ ਨਾ ਭੁੱਲਿਆ

ਇਬਾਰਤ ਪੜ੍ਹ ਰਿਹਾਂ ਮੈਂ ਰੌਸ਼ਨੀ ਦੀ
ਮੇਰੇ ਸਾਹਵੇਂ ਸਫ਼ਾ ਪੂਰਬ ਦਾ ਖੁੱਲ੍ਹਿਆ

ਸਭ ਅਪਣੇ ਆਪ ਨੂੰ ਹੀ ਜਾਣਦੇ ਨੇ
ਤੂੰ ਹੀ ਇੱਕ ਰਹਿ ਗਿਐਂ ਅਣਜਾਣ ਬੁੱਲ੍ਹਿਆ



Saave Aks.indd 70 18/07/2017 18:26:38

❍

ਤੇਜ਼ ਧੁੱਪ ਵਿੱਚ ਮੇਰੀ ਛਾਂ ਨੇ ਮੈਨੂੰ ਕਿਹਾ
ਇਸ ਸਫ਼ਰ 'ਤੇ ਤੁਰੇ ਹੋਰ ਕਿੰਨੇ ਜਣੇ
ਸਾਰੇ ਰਾਹੀ ਗਿਣੇ, ਫੇਰ ਮੈਂ ਆਖਿਆ-
ਏਥੇ ਦੋ ਹੀ ਨੇ ਤੇਰੇ ਤੇ ਮੇਰੇ ਸਣੇ

ਸੱਥ, ਪਰ੍ਹਿਆ, ਕਚਹਿਰੀ ਦੇ ਵਿਹੜੇ ਕਿਤੇ
ਜੇ ਗੁਨਾਹਾਂ ਦੇ ਹੋਏ ਨਬੇੜੇ ਕਿਤੇ
ਮੇਰੀ ਕਵਿਤਾ ਖੜ੍ਹੇਗੀ ਮੇਰੇ ਸਾਹਮਣੇ
ਸਭ ਸਬੂਤਾਂ ਸਣੇ, ਸਭ ਗਵਾਹਾਂ ਸਣੇ

ਰਾਤ ਸੁਪਨੇ 'ਚ ਜੁਗਨੂੰ ਤੇ ਤਾਰੇ ਕਈ
ਚੁੱਕੀ ਫਿਰਦਾ ਸਾਂ ਕਿਧਰੇ ਲੁਕਾਵਣ ਲਈ
ਇਹ ਨਾ ਹੋਇਆ ਤਾਂ ਆਖਰ ਨੂੰ ਥੱਕ ਹਾਰ ਕੇ
ਅਪਣੇ ਸੀਨੇ 'ਚ ਸਾਰੇ ਪਏ ਸਾਂਭਣੇ



Saave Aks.indd 71 18/07/2017 18:26:38

ਉਹ ਤੁਰੇ ਸੀ ਜੋ ਕਾਲਖ ਨੂੰ ਵਰਜਣ ਲਈ
ਉਸਦੇ ਹੱਥਾਂ 'ਚੋਂ ਕਿਰਨਾਂ ਛੁਡਾਵਣ ਲਈ
ਪਰਤ ਆਏ ਹਨੇਰੇ ਦੀ ਦੇਹਲ਼ੀ ਤੋਂ ਹੀ-
ਅਪਣੇ ਹੱਥਾਂ 'ਚ ਚੁੱਕੇ ਚਿਰਾਗ਼ਾਂ ਸਣੇ

ਤੇਰੇ ਅੱਗੇ ਹੈ ਗ਼ਰਜ਼ਾਂ ਦੀ ਵਗਦੀ ਨਦੀ
ਤੈਨੂੰ ਪਿੱਛੇ ਰਿਹਾਂ ਦੀ ਹੈ ਚਿੰਤਾ ਵੀ ਕੀ
ਸਾਡੇ ਥਲ ਨੂੰ ਨਮੀ ਮਿਲ ਗਈ ਸਹਿਜ ਹੀ
ਐਵੇਂ ਚੂਲ਼ੀ ਕੁ ਅੱਥਰੂ ਪਏ ਡੋਲ੍ਹਣੇ

ਉਹ ਜੋ ਜੋਬਨ ਦੀ ਰੁੱਤੇ ਘਰਾਂ ਤੋਂ ਗਏ
ਨਾ ਘਰਾਂ ਨੂੰ ਮੁੜੇ ਨਾ ਸਿਵੇ ਤੱਕ ਗਏ
ਰਾਤ ਕਾਲ਼ੀ ਜਿਨ੍ਹਾਂ ਨੂੰ ਨਿਗਲ਼ ਹੀ ਗਈ
ਉਹ ਨ ਫੁੱਲ ਬਣ ਸਕੇ ਨਾ ਹੀ ਤਾਰੇ ਬਣੇ



Saave Aks.indd 72 18/07/2017 18:26:38

❍

ਸ਼ਾਂਤ ਹੁਣ ਪੈਰਾਂ ਦੀ ਭਟਕਣ ਹੋ ਗਈ
ਚੱਲ ਘਰੇ ਚੱਲੀਏ ਕਿ ਆਥਣ ਹੋ ਗਈ

ਉੱਗਦੇ ਚਾਨਣ ਦੀ ਚੁੰਨੀ ਪਹਿਨ ਕੇ
ਰਾਤ ਰਾਣੀ ਫਿਰ ਸੁਹਾਗਣ ਹੋ ਗਈ

ਅੱਜ ਸਾਰਾ ਬਾਗ਼ ਹੈ ਤਾਂਹੀਓ ਉਦਾਸ
ਫੁੱਲ ਤੇ ਰੰਗਾਂ ਦੀ ਅਣਬਣ ਹੋ ਗਈ

ਤੇਰੇ ਹੱਥੀਂ ਹੋਰ ਦਾ ਖ਼ਤ ਵੇਖ ਕੇ
ਦੂਰ ਇੱਕ ਮੇਰੀ ਵੀ ਉਲਝਣ ਹੋ ਗਈ

ਰਾਤ ਭਰ ਨੈਣਾਂ ’ਚੋਂ ਭਾਰੀ ਮੀਂਹ ਪਿਆ
ਸੁਪਨਿਆਂ ਦੇ ਰਾਹ ’ਚ ਤਿਲਕਣ ਹੋ ਗਈ

ਯਾਦ ਤੇਰੀ ਪੀੜ ਸੀ ਦਿਲ ਦੀ ਕਦੇ
ਹੌਲ਼ੀ-ਹੌਲ਼ੀ ਰੂਹ ਦਾ ਕੱਜਣ ਹੋ ਗਈ



Saave Aks.indd 73 18/07/2017 18:26:38

❍

ਸਫ਼ਰ ਦੇ ਅੱਧ ਤੱਕ ਆ ਕੇ ਮੁਸਾਫ਼ਰ ਮੁੜ ਗਏ ਸਾਰੇ
ਕਦੇ ਜੋ ਛਲਕਣਾ ਚਾਹੁੰਦੇ ਸੀ, ਭਾਂਡੇ ਖ਼ੁੜ ਗਏ ਸਾਰੇ

ਤੁਹਾਡੇ ਹੌਲ਼ੇ-ਭਾਰੇ ਹੋਣ ਦਾ ਹੋਵੇਗਾ ਕੀ ਨਿਰਣਾ
ਸਮੇ ਦੇ ਪਾਣੀਆਂ ਵਿੱਚ ਫੁੱਲ-ਪੱਥਰ ਰੁੜ੍ਹ ਗਏ ਸਾਰੇ

ਅਵਾਜ਼ਾਂ ਮਾਰਦੇ ਹਿਜਰਾਂ ਦੇ ਮਾਰੇ, ਦਰਦ ਨੇ ਭਾਰੇ
ਜਦੋਂ ਵਿਛੜੇ ਪਿਆਰੇ ਤਾਂ ਸਹਾਰੇ ਖ਼ੁੜ ਗਏ ਸਾਰੇ

ਲਹੂ, ਤੇਜ਼ਾਬ ਤੇ ਬਾਰੂਦ ਇਸ ਵਿੱਚ ਘੋਲ਼ ਰੱਖੇ ਤੂੰ
ਤੇਰੇ ਤਾਲਾਬ ਤੋਂ ਰਾਹੀ ਤਿਹਾਏ ਮੁੜ ਗਏ ਸਾਰੇ

ਤੇਰੇ ਤੋਂ ਹੀ ਮੈਂ ਤੁਰਿਆ ਸੀ ਤੇਰੇ ਤੱਕ ਪਹੁੰਚਿਆ ਆਖ਼ਰ
ਕਿਵੇਂ ਇੱਕੋ ਹੀ ਥਾਂ ਆ ਕੇ ਇਹ ਰਸਤੇ ਜੁੜ ਗਏ ਸਾਰੇ



Saave Aks.indd 74 18/07/2017 18:26:38

❍

ਹਰੇਕ ਪਲ ਨੂੰ ਮੈਂ ਗਿਣ ਰਿਹਾ ਹਾਂ
ਉਡੀਕ ਤੇਰੀ ਹਿਸਾਬ ਮੇਰਾ
ਨਵਾਜ਼ ਮੈਨੂੰ ਤੂੰ ਆ ਕੇ ਜਲਦੀ
ਹੈ ਤੇਰੀ ਆਮਦ ਖ਼ਿਤਾਬ ਮੇਰਾ

ਨਾ ਦਿਨ ਚੜ੍ਹੇ ਦੀ ਨਾ ਦਿਨ ਲਹੇ ਦੀ
ਨਾ ਕੁਝ ਸੁਣੇ ਦੀ ਨਾ ਕੁਝ ਕਹੇ ਦੀ
ਹਮੇਸ਼ ਰਹਿੰਦੇ ਨੇ ਹੋ ਕੇ ਇਕਮਿਕ
ਖ਼ਿਆਲ ਤੇਰਾ ਤੇ ਖ਼ਾਬ ਮੇਰਾ

ਸਜੀਵ ਯਾਦਾਂ ਸਜੀਵ ਕਿੱਸੇ
ਜੋ ਆਏ ਅਕਸਰ ਹੀ ਸਾਡੇ ਹਿੱਸੇ
ਅਸੀਮ ਚੇਤੇ 'ਚ ਹੁਣ ਵੀ ਮਹਿਕਣ
ਕਿਤਾਬ ਤੇਰੀ ਗੁਲਾਬ ਮੇਰਾ



Saave Aks.indd 75 18/07/2017 18:26:38

ਜੇ ਤੇਰਾ ਸ਼ੰਕਾ ਹੈ ਬੇਵਫ਼ਾਈ
ਤਾਂ ਮੇਰਾ ਡੰਕਾ ਇਮਾਨਦਾਰੀ
ਜੇ ਫੇਰ ਵੀ ਤੂੰ ਨਿਚੋੜ ਚਾਹਵੇਂ
ਸਵਾਲ ਤੇਰਾ ਜਵਾਬ ਮੇਰਾ

ਆ ਇੱਕੋ ਪਿੰਡੇ 'ਤੇ ਝੱਲ ਲਈਏ
ਜੋ ਪੀੜ ਤੇਰੀ ਸੋ ਪੀੜ ਮੇਰੀ
ਆ ਇੱਕੋ ਨੇਤਰ 'ਚੋਂ ਦੇਖ ਲਈਏ
ਜੋ ਖ਼ਾਬ ਤੇਰਾ ਸੋ ਖ਼ਾਬ ਮੇਰਾ

ਵਜੂਦ ਅਪਣੇ ਨੂੰ ਵੰਡਣੇ ਲਈ
ਨਾ ਤੂੰ ਸੀ ਰਾਜ਼ੀ ਨਾ ਮੈਂ ਸੀ ਰਾਜ਼ੀ
ਨਾ ਤੂੰ ਕਿਹਾ ਸੀ ਨਾ ਮੈਂ ਕਿਹਾ ਸੀ–
ਬਿਆਸ ਤੇਰਾ ਚਨਾਬ ਮੇਰਾ



Saave Aks.indd 76 18/07/2017 18:26:38

❍

ਮੈਂ ਦੁਆਵਾਂ 'ਚ ਰਹਿ ਨਹੀਂ ਸਕਿਆ
ਕਾਮਨਾਵਾਂ 'ਚ ਰਹਿ ਨਹੀਂ ਸਕਿਆ

ਰਾਖੀ ਧੁੱਪਾਂ ਦੀ ਸੀ ਮੇਰੇ ਜ਼ਿੰਮੇ
ਤਾਂ ਹੀ ਛਾਂਵਾਂ 'ਚ ਰਹਿ ਨਹੀਂ ਸਕਿਆ

ਤੈਥੋਂ ਰੂਹਾਂ ਪਛਾਣ ਨਾ ਹੋਈਆਂ
ਤੇ ਮੈਂ ਨਾਂਵਾਂ 'ਚ ਰਹਿ ਨਹੀਂ ਸਕਿਆ

ਬੂੰਦ ਜਿਸ 'ਤੇ ਵੀ ਪਈ ਚਾਨਣ ਦੀ
ਉਹ ਗੁਫਾਵਾਂ 'ਚ ਰਹਿ ਨਹੀਂ ਸਕਿਆ

ਕੀ ਹਨੇਰਾ ਵੀ ਤੈਨੂੰ ਸਾਂਭੇਗਾ
ਜੇ ਸੁਆਵਾਂ 'ਚ ਰਹਿ ਨਹੀਂ ਸਕਿਆ

ਮੈਂ ਸੁਗੰਧੀ ਵੀ ਬਣ ਗਿਆ ਫਿਰ ਵੀ
ਤੇਰੇ ਸਾਹਵਾਂ 'ਚ ਰਹਿ ਨਹੀਂ ਸਕਿਆ

ਸਾਡਾ ਚਰਚਾ ਵੀ ਖ਼ੂਬ ਸੀ ਭਾਵੇਂ
ਇਹ ਕਥਾਵਾਂ 'ਚ ਰਹਿ ਨਹੀਂ ਸਕਿਆ



Saave Aks.indd 77 18/07/2017 18:26:38

❍

ਚੱਲਣਾ ਪਏਗਾ ਸ਼ਾਮ ਤੱਕ ਚਲੋ-ਚਲੀ ਦੇ ਨਾਲ਼
ਢਲਣਾ ਪਏਗਾ ਸ਼ਾਮ ਦੀ ਕਾਇਆ ਢਲ਼ੀ ਦੇ ਨਾਲ਼

ਤੁਰ ਜਾਵਾਂ ਮੈਂ ਵੀ ਕੰਮ ਨੂੰ, ਗੁੰਮ ਜਾਵਾਂ ਭੀੜ ਵਿੱਚ
ਪੋਣੇ 'ਚ ਬੰਨ੍ਹ ਕੇ ਰੋਟੀਆਂ, ਗੁੜ ਦੀ ਡਲ਼ੀ ਦੇ ਨਾਲ਼

ਬਣਨਾ ਸੀ ਇਸਨੇ ਫੁੱਲ, ਉਘੜਨਾ ਸੀ ਰੰਗ ਵੀ
ਮਹਿੰਦੀ ਜੋ ਆ ਕੇ ਮਿਲ ਗਈ ਜ਼ਖ਼ਮੀ ਤਲ਼ੀ ਦੇ ਨਾਲ਼

ਵਿੱਛੜੀ ਤੇ ਫਿਰ ਮਿਲੀ ਨਦੀ, ਸਾਗਰ ਨੇ ਸੋਚਿਆ
ਰਿਸ਼ਤਾ ਭਲਾ ਹੈ ਕੀ ਮੇਰਾ ਇਸ ਮਨਚਲੀ ਦੇ ਨਾਲ਼?



Saave Aks.indd 78 18/07/2017 18:26:38

❍

ਮੇਰੇ ਹਿੱਸੇ 'ਚ ਥੋੜ੍ਹਾ ਪਾਣੀ ਹੈ
ਫੇਰ ਉਹੀ ਪਿਆਸ ਦੀ ਕਹਾਣੀ ਹੈ

ਹੁੰਦਾ ਪੱਥਰ ਪਿਘਲਦਾ ਦਿਖ ਜਾਂਦਾ
ਉਹ ਤਾਂ ਪਹਿਲਾਂ ਹੀ ਸਾਰਾ ਪਾਣੀ ਹੈ

ਮੈਂ ਵੀ ਜਾਂਦਾ ਹਾਂ, ਉਹ ਵੀ ਆਉਂਦੇ ਨੇ
ਮੇਰੀ, ਦੁੱਖਾਂ ਦੀ ਆਉਣੀ-ਜਾਣੀ ਹੈ

ਥੋੜ੍ਹੇ ਅਹਿਸਾਨ ਕਰਕੇ ਤੇਰੇ 'ਤੇ
ਮੈਂ ਤਾਂ ਅਪਣੀ ਹੀ ਰਾਖ਼ ਛਾਣੀ ਹੈ

ਕਿੰਜ ਪਹਿਨਣਗੇ ਚਾਅ ਨਵੇਂ ਤੇਰੇ
ਮੇਰੀ ਇਹ ਪੀੜ ਕੁਝ ਪੁਰਾਣੀ ਹੈ



Saave Aks.indd 79 18/07/2017 18:26:39

❍

ਏਸ ਨਗਰ ਦੇ ਲੋਕ ਹਮੇਸ਼ਾ ਸੋਚਾਂ ਵਿਚ ਗ਼ਲਤਾਨ ਰਹੇ
ਨਜ਼ਰਾਂ ਦੇ ਵਿੱਚ ਬਾਗ਼-ਬਗੀਚੇ, ਖ਼ਾਬਾਂ ਵਿੱਚ ਸ਼ਮਸ਼ਾਨ ਰਹੇ

ਡਿੱਗਦਾ ਹੋਇਆ ਹੰਝੂ ਮੇਰੇ ਨਾਂ ਉਸ ਤਾਂ ਹੀ ਕਰ ਦਿੱਤਾ
ਅਪਣਾ ਦੁਖੜਾ ਰੋ ਹੋ ਜਾਵੇ, ਮੇਰੇ 'ਤੇ ਅਹਿਸਾਨ ਰਹੇ

ਰਾਹਾਂ ਦੇ ਵਿੱਚ ਰੋੜ ਨੁਕੀਲੇ, ਜਾਂ ਫਿਰ ਤਪਦੀ ਰੇਤ ਸਹੀ
ਤੁਰਨਾ ਹੈ ਜਦ ਤੱਕ ਪੈਰਾਂ ਵਿਚ ਥੋੜ੍ਹੀ-ਬਹੁਤੀ ਜਾਨ ਰਹੇ

ਭਾਵੁਕਤਾ ਦੀ ਧੁੱਪ-ਛਾਂ ਦੇਵੀਂ, ਤੇ ਨੈਣਾਂ ਦਾ ਪਾਣੀ ਵੀ
ਤਾਂ ਜੋ ਸੱਧਰਾਂ ਦੇ ਬੀਜਾਂ ਦਾ ਪੁੰਗਰਨਾ ਆਸਾਨ ਰਹੇ

ਚਾਰੇ ਪਾਸੇ ਖ਼ੂਨ ਦੇ ਛੱਪੜ, ਫਿਰ ਵੀ ਦਿਖਦੇ ਸ਼ਾਂਤ ਬੜੇ
ਪੱਥਰ ਦੇ ਭਗਵਾਨ ਤਾਂ ਆਖਿਰ ਪੱਥਰ ਦੇ ਭਗਵਾਨ ਰਹੇ



Saave Aks.indd 80 18/07/2017 18:26:39

❍

ਤੇਰੇ ਪਿਆਸਿਆਂ ਦੀ, ਏਨੀ ਵੀ ਕੀ ਖ਼ਤਾ ਹੈ
ਹੱਥ ਵਿੱਚ ਕਟੋਰਾ ਪਾਣੀ, ਨਾ ਪੀਣ ਦੀ ਸਜ਼ਾ ਹੈ

ਕਿੰਨੇ ਹੀ ਚਿਰ ਤੋਂ ਉਸਨੂੰ, ਕਿਧਰੇ ਨਾ ਵੇਖਿਆ ਹੈ
ਜਾਂ ਮਰ ਗਿਆ ਹੈ ਜਾਂ ਫਿਰ, ਸੰਤੁਸ਼ਟ ਹੋ ਗਿਆ ਹੈ

ਲੇਟੇ ਨੇ ਮੀਟ ਅੱਖਾਂ, ਨੀਂਦਾਂ ਦਾ ਨਾਮ ਹੈ ਬੱਸ
ਖ਼ਾਬਾਂ ਦੀ ਥਾਂ ਇਨ੍ਹਾਂ ਨੂੰ, ਫ਼ਿਕਰਾਂ ਨੇ ਘੇਰਿਆ ਹੈ

ਹੁੰਦੀ ਹੈ ਨਿੱਤ ਖ਼ਿਆਨਤ, ਪਰਦੇ ਨੇ ਪਾਰਦਰਸ਼ੀ
ਕੀ ਭੇਤ ਸਾਂਭਣਾ ਸੀ, ਬੱਸ ਭਰਮ ਸਾਂਭਿਆ ਹੈ

ਰੂਹਾਂ ਤੇ ਜਿਸਮ ਜਦ ਵੀ, ਹੁੰਦੇ ਨੇ ਵੱਖ ਯਾਰੋ
ਮਛਲੀ ਵੀ ਤੜਫ਼ਦੀ ਹੈ, ਪਾਣੀ ਵੀ ਤੜਫ਼ਦਾ ਹੈ



Saave Aks.indd 81 18/07/2017 18:26:39

## ਅੰਤਿਕਾ

ਸੋਚ ਦੀ ਗੁੱਠੇ ਕਿਤੇ ਬੇਦਾਵਿਆਂ ਦਾ ਸਹਿਮ ਹੈ
ਦਫ਼ਨ ਹੋ ਚੁੱਕੇ ਕਈ ਸਿਰਨਾਵਿਆਂ ਦਾ ਸਹਿਮ ਹੈ।
ਮੇਰੀਆਂ ਰਾਤਾਂ ਦੇ ਵਿੱਚ ਤੇ ਮੇਰੀਆਂ ਬਾਤਾਂ ਦੇ ਵਿੱਚ
ਬੇਮੁਹਾਰੇ ਭਟਕਦੇ ਪਰਛਾਵਿਆਂ ਦਾ ਸਹਿਮ ਹੈ।

ਇਸ ਤਰ੍ਹਾਂ ਦੇ ਸਹਿਮ ਪਲਣੇ ਦੋਸਤਾ ਚੰਗੇ ਨਹੀਂ
ਇਸ ਤਰ੍ਹਾਂ ਦੇ ਖ਼ਾਬ ਹੁੰਦੇ ਜ਼ਿੰਦਗੀ ਰੰਗੇ ਨਹੀਂ।
ਹੌਲ਼ੀ-ਹੌਲ਼ੀ ਫੁੱਲ, ਫਿਰ ਇਹ ਬਾਗ਼ ਵੀ ਖਾ ਜਾਣਗੇ
ਜੇ ਇਨ੍ਹਾਂ ਤੋਂ ਰੰਗ ਸਾਰੇ ਮੋੜਵੇਂ ਮੰਗੇ ਨਹੀਂ।

ਲੋਚੀਏ- ਸਾਨੂੰ ਵੀ ਆਵੇ ਲਰਜ਼ਦਾ ਸੁਪਨਾ ਕੋਈ
ਦੁੱਧ, ਮਿੱਟੀ, ਪਾਣੀਆਂ ਦੇ ਕਰਜ਼ ਦਾ ਸੁਪਨਾ ਕੋਈ
ਬੇਇਲਾਜੀ ਨਾ ਰਹੀ ਇੱਕ ਮਰਜ਼ ਦਾ ਸੁਪਨਾ ਕੋਈ
ਧੜਕਦੇ ਪੱਤਿਆਂ 'ਚੋਂ ਨਿਕਲ਼ੀ ਤਰਜ਼ ਦਾ ਸੁਪਨਾ ਕੋਈ
ਖ਼ੁਦ-ਮੁਹਾਰੇ ਨਿਭ ਰਹੇ ਇੱਕ ਫ਼ਰਜ਼ ਦਾ ਸੁਪਨਾ ਕੋਈ
ਪਿਆਸ ਨੂੰ ਪੂਰਨ ਦੀ ਸੁੱਚੀ ਗ਼ਰਜ਼ ਦਾ ਸੁਪਨਾ ਕੋਈ

ਸਭ ਤਰ੍ਹਾਂ ਦੇ ਪਾਣੀਆਂ ਦਾ ਖੌਲਣਾ ਹੈ ਲਾਜ਼ਮੀ
ਏਸ ਰੁੱਤੇ ਸੁਪਨਿਆਂ ਦਾ ਮੌਲਣਾ ਹੈ ਲਾਜ਼ਮੀ।



Saave Aks.indd 82 18/07/2017 18:26:39